Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
Financing Available
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Tariq Hameed
Babir Hameed
Shamshair Tariq
Follow us on @skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 | Regina/Saskatoon : 639 999 1000 : Winnipeg 431 733 3000
Chief Editor : Harbans Buttar

Guru Nanak Driving School Ltd.
Guru Nanak Driving School
Certified SGI
• 6 & 6 Class 5 Training
• Pre Test Driving Evaluation
• Pre Test Driving Lessons
• Rental Vehicle for Road Test.
FREE PICK UP & DROP OFF
ਕਲਾਸ 5 ਲਈ ਡਰਾਈਵਿੰਗ ਤਜਰਬੇਕਾਰ ਟ੍ਰੇਨਰਾਂ ਤੋਂ ਸਿੱਖੋ
www.gndsregina.ca
306 201 8458
Location: Regina & Moose Jaw

Vol: 10 No: 230 Website : www.punjabiakhbaar.ca Email: editor@punjabiakhbaar.ca Friday, 20 October 2023

## ਕੈਲਗਰੀ ਦੁਨੀਆ ਦਾ ਸਭ ਤੋਂ ਦੋਸਤਾਨਾ ਸ਼ਹਿਰ ਚੁਣਿਆ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਸੇ ਤਾਂ ਦੁਨੀਆਂ ਵਿੱਚ ਹਰ ਕੋਈ ਆਪਣੇ ਆਪ ਨੂੰ ਵਧੀਆ ਦੋਸਤਾਨਾ ਸੁਭਾਅ ਵਾਲਾ ਹੋਣ ਦਾ ਦਾਅਵਾ ਕਰਦਾ ਹੈ ਪਰ ਅਸਲ ਵਿੱਚ ਜਦੋਂ ਕੋਈ ਹੋਰ ਤੁਹਾਡੇ ਗੁਣਾਂ ਨੂੰ ਦੇਖਕੇ ਤੁਹਾਨੂੰ ਚੰਗਾ ਜਾਂ ਮਾੜਾ ਹੋਣ ਦੀ ਮਾਨਤਾ ਦਿੰਦਾ ਹੈ ਤਾਂ ਉਸ ਨੂੰ ਮਾਨਤਾ ਪ੍ਰਾਪਤ ਹੋਣ ਦਾ ਦਰਜਾ ਮਿਲ ਜਾਂਦਾ ਹੈ। ਅਜਿਹੀ ਹੀ ਖ਼ਬਰ ਕਨੇਡਾ ਦੇ ਸ਼ਹਿਰ ਕੈਲਗਰੀ ਸਬੰਧੀ ਵੀ ਸਾਹਮਣੇ ਆ ਰਹੀ ਹੈ ਕਿ ਕੈਲਗਰੀ ਨੂੰ ਦੁਨੀਆ ਦਾ ਸਭ ਤੋਂ ਦੋਸਤਾਨਾ ਸ਼ਹਿਰ ਚੁਣਿਆ ਗਿਆ ਹੈ ।ਕੌਂਡੇ ਨਾਸਟ 2023 ਰੀਡਰਜ਼ ਚੁਆਇਸ ਐਵਾਰਡਸ ਦੇ ਅਨੁਸਾਰ, ਕੈਲਗਰੀ ਦੁਨੀਆ ਦਾ ਸਭ ਤੋਂ ਦੋਸਤਾਨਾ ਸੁਭਾਅ ਵਾਲਾ ਸ਼ਹਿਰ ਹੈ। ਸਹਿਰਾਂ ਦੇ ਗੁਣਾਂ ਦੀਆਂ ਸਿਫਤਾਂ ਵਾਲੀ ਇਸ ਦੌੜ ਵਿੱਚ ਐਡਮੰਟਨ ਦੂਜੇ ਸਥਾਨ ਉੱਪਰ ਰਿਹਾ। ਕੈਲਗਰੀ ਅਜਿਹਾ ਸਹਿਰ ਹੈ ਜਿੱਥੋਂ ਤੁਸੀਂ ਲਗਭਗ ਹਰ ਥਾਂ ਤੋਂ ਪਹਾੜਾਂ ਨੂੰ ਦੇਖ ਸਕਦੇ ਹੋ, ਅਤੇ ਲੇਕ ਲੁਈਸ ਅਤੇ ਬੈਂਫ ਨੈਸ਼ਨਲ ਪਾਰਕ ਵਰਗੇ ਬਾਹਰੀ ਅਜੂਬਿਆਂ ਦੇ ਸਥਾਨ ਕੁੱਝ ਘੰਟਿਆਂ ਦੀ ਦੂਰੀ ਉੱਪਰ ਹੀ ਹਨ। ਸਾਇਦ ਇਹੋ ਜਿਹੇ ਕਾਰਣਾ ਕਾਰਣ ਹੀ ਇਹਨੀ ਦਿਨੀ ਕਨੇਡਾ ਦੇ ਦੂਸਰੇ ਸਹਿਰਾਂ ਤੋਂ ਲੋਕ ਕੈਲਗਰੀ ਸ਼ਹਿਰ ਵਿੱਚ ਰਹਿਣ ਨੂੰ ਤਰਜੀਹ ਦੇ ਰਹੇ ਹਨ। ਮਹਿੰਗਾਈ ਦੇ ਪੱਖ ਤੋਂ ਦੇਖੀਏ ਤਾਂ ਕਨੇਡਾ ਦੇ ਇਸ ਸਹਿਰ ਵਿੱਚ ਹੋਰਨਾਂ ਸਹਿਰਾਂ ਦੇ ਮੁਕਾਬਲੇ ਸੌਖ ਨਾਲ ਘਰ ਖਰੀਦਿਆ ਜਾ ਸਕਦਾ ਹੈ। ਇਸ ਮੁਕਾਬਲੇ ਵਿੱਚ ਕੈਲਗਰੀ ਸ਼ਹਿਰ ਨੇ ਇਸ ਸੂਚੀ ਵਿੱਚ ਦੂਜੇ ਸਥਾਨ 'ਤੇ ਰਹਿਣ ਵਾਲੇ ਐਡਮਿੰਟਨ ਨੂੰ ਦੋ ਅੰਕਾਂ ਨਾਲ ਪਛਾੜਿਆ ਹੈ । ਇਸ ਸੂਚੀ ਵਿੱਚ ਚਾਰ ਕੈਨੇਡੀਅਨ ਸ਼ਹਿਰਾਂ ਵਿੱਚੋਂ ਵਿਕਟੋਰੀਆ ਅਤੇ ਕਿਊਬਿਕ ਸਿਟੀ ਵੀ ਸ਼ਾਮਲ ਸਨ।

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

## ਅਫਗਾਨਿਸਤਾਨ ਨੂੰ ਇੱਕ ਤੋਂ ਬਾਦ ਇੱਕ ਆਏ ਭੁਚਾਲਾਂ ਨੇ ਤਬਾਹ ਕਰ ਦਿੱਤਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਫਗਾਨਿਸਤਾਨ 'ਚ ਬੀਤੇ ਦਿਨੀਂ ਆਏ ਭਿਆਨਕ ਭੂਚਾਲ, ਜਿਸ ਵਿੱਚ ਦੋ ਹਜ਼ਾਰ ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਸੀ, ਮਗਰੋਂ ਇੱਕ ਵਾਰ ਫਿਰ ਤੋਂ ਪੱਛਮੀ ਅਫ਼ਗਾਨਿਸਤਾਨ ਭੂਚਾਲ ਦੇ ਇੱਕ ਹੋਰ ਤੇਜ਼ ਝਟਕੇ ਨਾਲ ਕੰਬ ਉੱਠਿਆ। ਅਮਰੀਕੀ ਜਿਓਲੌਜੀਕਲ ਸਰਵੇ ਅਨੁਸਾਰ 6।3 ਦੀ ਰਫ਼ਤਾਰ ਨਾਲ ਆਏ ਭੂਚਾਲ ਦਾ ਕੇਂਦਰ ਸੂਬਾਈ ਰਾਜਧਾਨੀ ਹੇਰਾਤ ਤੋਂ 28 ਕਿਲੋਮੀਟਰ ਦੂਰ ਅਤੇ 10 ਕਿਲੋਮੀਟਰ ਦੀ ਗਹਿਰਾਈ 'ਚ ਸੀ। ਸੂਚਨਾ ਮੰਤਰਾਲੇ ਦੇ ਬੁਲਾਰੇ ਅਬਦੁਲ ਵਾਹਿਦ ਰਿਆਨ ਨੇ ਦੱਸਿਆ ਭੂਚਾਲ ਕਾਰਨ ਵਾਪਰੀ ਜ਼ਮੀਨ ਖਿਸਕਣ ਦੀ ਘਟਨਾ ਕਾਰਨ ਹੇਰਾਤ-ਤੋਰਘੌਂਡੀ ਹਾਈਵੇਅ ਬੰਦ ਹੋ ਗਿਆ ਹੈ।

B&CO BUTZ & COMPANY
BARRISTERS & SOLICITORS
GURSANT SINGH
LL.M. (UK), B.A.LL.B.
●Immigration Law ●Family Law ●Real Estate
●Corporate Law ●Wills & Estates
2510 13th Avenue, Regina SK S4P 0W2
(306) 359-5448 (Business)
(306) 580-4690 (Cell)
gursant@butzlaw.ca www.butzlaw.ca

NEWAY DRIVING SCHOOL
"A Neway to your Future"
REGINA| SASKATOON| MOOSE JAW
CLASS 1A, 3A & AIRBRAKE
10+ Years Truck Training Experience
IN SERVICE SINCE 2014
MELT TRAINING
E-mail: newaydrivingschool47@gmail.com
Call: 306-209-9449

Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorhip · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigraton Consultant)
306-201-4464
Regina, SK navimmigrationservices@gmail.com

JBK LAW OFFICE
IMMIGRATION & LEGAL EXPERT TEAM
SPECIALIZATION:
Family Law,
Estate Planning,
Corporate Commercial &
Real Estate, Family Sponsorship,
PNP and Federal Applications
Habibat Larai Kasim
LL.B, BL., LL.M
Ph: 306-782-5040
Fax: 306-782-5041
habibat@jblawoffice.com
2-31 Broadway St. E.
Yorkton, SK S3N 0K4
ਸੈਸਕੈਚਵਨ ਵਿੱਚ ਵਕਾਲਤ ਦੀ ਸਫਲਤਾ ਦਾ ਨਾਂ
SPECIALIZATION:
Criminal Law, Immigration Law
(Appeals & Judicial Reviews)
Inadmissibility, SINP Secondary
Reviews, CBSA Detention Reviews,
Misrepresentation,
Bhavan Jaggi
(Barrister & Solicitor)
Ph: 306-757-7998
Fax-306 700 2430
email: bjaggi@jbklawoffice.com
www.Jbklawoffice.com
2010-11th Avenue, 7th Floor,
RBC Building, Regina, SK S4P 0J3

LISTING SPECIALISTS
For A Stress Free Home Selling Process
Contact Team HomeswithNav
NAV SINGH CHAHIL
306 209 1635
homeswithnav@gmail.com
GARY SUMAN
306 620 2362
garysuman@gmail.com
yourhomes.ca
www.yourhomes.ca
YOURHOMES.ca
REALTY EXECUTIVES
DIVERSIFIED REALTY

WE'RE IN THE PEOPLE BUSINESS,
WE JUST HAPPEN TO DO MORTGAGES.®
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
VINE Group
MORTGAGE ALLIANCE
200 1965 Broad Street, Regina, SK S4P 1Y1

C WORLD T·R·A·V·E·L
20 ਸਾਲ ਤੋਂ ਤੁਹਾਡੀ ਸੇਵਾ ਵਿੱਚ
For more information call:
Rajan Sagar
NORTHGATE MALL, REGINA
Email: cworldtravel1@gmail.com
Ph: (306) 949-1235
To see the world come to C WORLD
ਇੰਡੀਆਂ ਜਾਂ ਦੁਨੀਆਂ ਦੇ ਕਿਸੇ ਵੀ ਮੁਲਕ ਜਾਣ ਲਈ ਸਸਤੀਆਂ ਹਵਾਈ ਟਿਕਟਾਂ
IATA

GURU
Truck Driving School
IA, 3A TRAINING (SGI APPROVED)
Gagandeep Singh
(Truck Instructor)
1A, 3A, (Air Brake) training.
SGI Approved
(According to new MELT Program)
Classes available in
English, Punjabi, Hindi and Urdu
• ਟਰੇਨਿੰਗ ਲਈ ਖੁੱਲ੍ਹਾ ਡੁੱਲ੍ਹਾ ਯਾਰਡ
• ਪਰੌਪਰ ਟਰੇਨਿੰਗ ਘੰਟੇ
(ਐਸ ਜੀ ਆਈ) ਦੇ ਨਿਯਮਾਂ ਅਨੁਸਾਰ
• ਲਾਇਸੈਂਸ ਮਿਲਣ ਉਪਰੰਤ
ਜੌਬ ਦਿਵਾਉਣ ਵਿੱਚ
ਵੀ ਮਦਦ ਕਰਦੇ ਹਾਂ।
306-209-7921
1041 KEARNS CRESCENT, REGINA, SK, CANADA, S0G 3Z0
gurutruckdriving@gmail.com

DA INDIA CURRY HOUSE
"We take food Seriously"
Dine-In | Pub | Takeout | Catering (Indoor and Outdoor)
ਇਥੇ ਮਸਾਲਾ ਲੱਗਿਆ ਚਿਕਨ ਵੀ ਮਿਲਦਾ ਹੈ।
10% Discount ON ONLINE ORDERS
www.daindiacurry.com
Ph: 306-522-1331
WE ARE ON
# 806 Victoria Ave, Regina S4N 0R6

ਘਰ, ਵਿਓਪਾਰ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਅਤੇ ਫਾਇਦੇਮੰਦ ਨਾਂ
COLDWELL BANKER
LOCAL REALTY
Barinder Dandiwal
Realtor in Regina
639-382-6434
1377 Hamilton St unit 308B, Regina, SK S4R 2B6
E-mail: bdandiwal@coldwellbanker.ca

MOHAMMAD DERAKHSHANFAR
MORTGAGE ASSOCIATE Lic#316587
ਸਾਰੇ ਹੀ ਬੈਂਕਾ ਨਾਲ ਕੰਮ ਕਰਦੇ ਹੋਣ ਕਾਰਣ ਤੁਹਾਨੂੰ ਮਾਰਗੇਜ ਸਸਤੀ ਅਤੇ ਵਧੀਆ ਸਿਰਫ਼ ਇੱਥੋ ਹੀ ਮਿਲ ਸਕਦੀ ਹੈ।
I work for YOU, NOT the BANK!
CELL: 306.351.4340
mohammad.d@dominionlending.ca
www.momomortgages.ca
Dominion Lending Centres - The Mortgage Firm
3889 Arcola Avenue E, Regina, SK S4V 1P5 Canada
independently Owned & Operated - Brokerage Lic. #316454
DOMINION LENDING CENTRES
MORTGAGEFIRM.CA

H&H TRANSPORTS INC.
1575 PARK STREET, REGINA
ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
Needs Driver
for Canada,
Prairies and
Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hHours !
MUST HAVE
- Clean Driver Abstract and CVOR
- Clear Crimnal Search
- Minimum 6 months verifiable experience
COMPETITIVE GREAT WAGES & REGULAR HOME TIME
COME INTO CHECK OUT OUR FAMILY,
SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

SANSERWAL LAW OFFICE
LEGAL SERVICES & IMMIGRATION SOLUTIONS
• REFUGEE
• BUSINESS VISA & START UP VISA+ENTREPRENEUR
• JUDIAL REVIEW (FEDERAL COURT) AND APPEALS
• SINP SECONDARY REVIEWS
• CBSA DETENTION REVIEWS
• MISREPRESENTATION
• PNP + FEDREL APPLICATION
• FAMILY SPONSORHIP
ਕਾਨੂੰਨੀ ਸੇਵਾਵਾਂ ਅਤੇ ਇਮੀਗ੍ਰੇਸ਼ਨ ਦੇ ਮਸਲਿਆਂ ਸਬੰਧੀ ਸੰਪਰਕ ਕਰੋ
HARJINDER SINGH SANSERWAL
B.A. LLB., L.L.M. (LAWYER)
BARRISTER & SOLICITOR
1530, ANGUS STREET, REGINA, SASKATCHEWAN (CANADA) S4T 1Z1
639-999-8552 hss.law17@gmail.com

GRACE IMMIGRATION (CANADA)
IMMIGRATION SOLUTIONS LTD.
• SINP-PROGRAMS
• FOREIGN WORKER RECRUITMENT (LMIA)
• PR APPLICATIONS (FEDERAL & PNP)
• FAMILY SPONSORSHIP
• CITIZENSHIP APPLICATION
• STUDY PERMIT + PGWP
• VISITOR + SUPER VISA
• EXTENSION OF STAY / CHANGE STATUS AND MORE... BUSINESS/INVESTOR CATEGORY
CANADA IMMIGRATION SERVICES
SUKHBIR KAUR SIDHU (RCIC)
B.A. LL.B., LL.M
ਇਮੀਗ੍ਰੇਸ਼ਨ ਸਬੰਧੀ ਸਾਰੀਆਂ ਲੋੜਾਂ ਦੀ ਪੂਰਤੀ ਲਈ ਯਾਦ ਰੱਖੋ
CANADA OFFICE: #2010, 11th Avenue, 7th Floor RBC Building, REGINA, SK
639-999-8545 graceimmiservice@gmail.com

# VESTA ELEVATE COLLECTION

AT COOPER'S CROSSING

## ELEVATE YOUR LIVING




ਕੂਪਰਜ਼ ਕਰਾਸਿੰਗ 'ਤੇ ਜਲਦੀ ਹੀ ਪਹੁੰਚ ਰਹੇ ਵੇਸਟਾ ਐਲੀਵੇਟ ਕਲੈਕਸ਼ਨ ਨੂੰ ਪੇਸ਼ ਕਰ ਰਹੇ ਹਾਂ, ਜਿਸ ਵਿੱਚ 3-ਮੰਜ਼ਲਾ ਵਿਲੇਜ ਟਾਊਨਹੋਮਸ, 2-ਮੰਜ਼ਲਾ ਬ੍ਰੀਮਸਟੋਨ ਟਾਊਨਹੋਮਸ, ਮੋਨਾਰਕ ਲਗਜ਼ਰੀ ਲਿਵਿੰਗ ਕੰਡੋਜ਼, ਅਤੇ ਮਾਸਟਰ-ਆਨ-ਮੇਨ ਬੰਗਲੇ ਸ਼ਾਮਲ ਹਨ। ਪ੍ਰਮੁੱਖ ਆਂਢ-ਗੁਆਂਢ ਵਿੱਚ ਆਲੀਸ਼ਾਨ ਅੰਦਰੂਨੀ ਫਿਨਿਸ਼ਾਂ ਅਤੇ ਵਿਲੱਖਣ ਬਾਹਰੀ ਆਰਕੀਟੈਕਚਰ ਵਾਲੇ ਆਧੁਨਿਕ ਸਮਕਾਲੀ ਘਰ ਇੱਕ ਮਨਮੋਹਕ ਕਰਬ ਪੇਸ਼ ਕਰਦੇ ਹਨ

ਹੋਰ ਜਾਣਕਾਰੀ ਲਈ ਰਜਿਸਟਰਡ ਕਰੋ

**VESTAELEVATE.COM**

VESTA PROPERTIES

Renderings are artistic concept only and subject to change without notice.

SALES CENTRE
#1601 – 201 Cooperswood Green SW, Airdrie
587.317.1516 | cooperscrossing@vestaproperties.com

# ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਵਿੱਚ ਸਿੱਖ ਧਰਮ ਦੀ ਅਮੀਰ ਵਿਰਾਸਤ ਤੇ ਵਿਚਾਰ ਗੋਸ਼ਟੀ ਹੋਈ



ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਾਸਿਕ ਮੀਟਿੰਗ ਡਾ. ਜੋਗਾ ਸਿੰਘ,ਡਾ. ਅਮਰਜੀਤ ਸਿੰਘ ਅਤੇ ਡਾ. ਅਮਰਜੀਤ ਕੌਰ ਦੀ (ਪਤੀ ਪਤਨੀ) ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਭਰਵੇਂ ਇਕੱਠ ਵਿਚ ਹੋਈ। ਕੈਲਗਰੀ ਵਿੱਚ ਵਿਛੋੜਾ ਦੇ ਗਈਆਂ ਸ਼ਖ਼ਸੀਅਤਾਂ ਦੀਆਂ ਦੁੱਖਦਾਈ ਖ਼ਬਰਾਂ (ਕੁਲਵੰਤ ਸਿੰਘ ਅਟਕਰ ਅਤੇ ਇੱਕ ਹੋਰ ਨੌਜੁਆਨ ਰੋਮੀ ਪੰਧੇਰ ਅਤੇ ਬੀਬੀ ਅਮਰਜੀਤ ਕੌਰ ਵਿਰਦੀ) ਸਾਂਝੀਆਂ ਕਰਦਿਆਂ ਪਰਿਵਾਰਾਂ ਨਾਲ ਦੁੱਖ ਦਾ ਇਜ਼ਹਾਰ ਕੀਤਾ ਗਿਆ।

ਜਰਨੈਲ ਸਿੰਘ ਨੇ ਡਾ. ਅਮਰਜੀਤ ਸਿੰਘ ਬਾਰੇ ਸੰਖੇਪ ਜਾਣਕਾਰੀ ਦੇਣ ਪਿੱਛੋ ਉਨ੍ਹਾਂ ਨੂੰ ਸਟੇਜ ਤੇ ਆਉਣ ਦੀ ਬੇਨਤੀ ਕੀਤੀ। ਗੁਰੂ ਗ੍ਰੰਥ ਸਾਹਿਬ ਅਧਿਆਨ ਕੇਂਦਰ ਵੱਲੋਂ ਨੇ ਬਹੁਤ ਹੀ ਮਿਹਨਤ ਨਾਲ ਦੂਰ ਦੁਰਾਡੇ ਅਤੇ ਵੱਖ ਵੱਖ ਥਾਵਾਂ ਤੋਂ ਇਕੱਤਰ (ਸਤਾਰਵੀਂ, ਅਠਾਰਵੀਂ ਅਤੇ ਉਨੀਵੀਂ ਸਦੀ) ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੁਰਾਤਨ ਸਰੂਪਾਂ ਦੇ ਆਰਟ ਅਤੇ ਕਲਾ ਦੇ ਕੀਤੇ ਕੰਮ ਦਾ ਸਲਾਇਡ ਸ਼ੋਅ ਪੇਸ਼ ਕੀਤਾ। ਜਿਸ ਨੂੰ ਦਰਸ਼ਕਾਂ/ ਸਰੋਤਿਆਂ ਵੱਲੋਂ ਬਹੁਤ ਹੀ ਸੁਲਾਹਿਆ ਗਿਆ।ਡਾ. ਅਮਰਜੀਤ ਸਿੰਘ ਦੀ ਸਿੱਖ ਰਹਿਤ ਮਰਯਾਦਾ ਦੇ ਵਿਸ਼ੇ ਤੇ ਪੀਐੱਚ. ਡੀ. ਕਰਕੇ ਸਰੋਤਿਆਂ ਦੀ ਦਿਲੀ ਖ਼ਾਹਿਸ਼ ਸੀ ਕਿ ਸਿੱਖ ਰਹਿਤ ਮਰਯਾਦਾ ਬਾਰੇ ਸ਼ੰਕੇ ਦੂਰ ਕੀਤੇ ਜਾਣ।ਉਨ੍ਹਾਂ ਵੱਲੋਂ ਸਰੋਤਿਆਂ ਦੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਬਹੁਤ ਹੀ ਤਸੱਲੀ ਬਖ਼ਸ਼ ਢੰਗ ਨਾਲ ਦਿੱਤੇ। ਡਾ. ਅਮਰਜੀਤ ਸਿੰਘ ਨੇ ਸਿੰਘ ਸਭਾ ਲਹਿਰ ਦਾ 150ਵਾਂ ਸਾਲ ਮਨਾਉਣ ਦੀ ਗੱਲ ਸਾਂਝੀ ਕਰਦਿਆਂ ਬਹੁਤ ਹੀ ਵਿਸਥਾਰ ਨਾਲ ਸਿੰਘ ਸਭਾ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਕਿਉਂਕਿ ਉਸ ਸਮੇਂ ਅੰਗਰੇਜ਼ਾ ਵੱਲੋਂ ਪੰਜਾਬ ਵਿਚ ਲੋਕਾਂ ਨੂੰ ਸਿੱਖ ਧਰਮ ਵੱਲੋਂ ਤੋੜ ਕੇ ਲੋਕਾਂ ਨੂੰ ਕ੍ਰਿਸਚੀਨ ਧਰਮ ਨਾਲ ਜੋੜਨ ਦੇ ਯਤਨ ਹੋ ਰਹੇ ਹਨ। ਇਹ ਸਮੇਂ ਦੀ ਲੋੜ ਸੀ। ਸਿੰਘ ਸਭਾ ਲਹਿਰ ਦੇ ਪੈਦਾ ਹੋਣ ਦੇ ਕਾਰਨ ਅਤੇ ਪ੍ਰਾਪਤੀਆਂ ਬਾਰੇ ਖੁੱਲ੍ਹ ਕੇ ਵਿਚਾਰ ਵਟਾਂਦਰਾ ਹੋਇਆ।

ਦੂਜੇ ਦੌਰ ਵਿੱਚ ਸਭਾ ਦੇ ਮੈਂਬਰਾਂ ਵੱਲੋਂ ਡਾ. ਜੋੜੀ ਨੂੰ ਯਾਦਗਾਰੀ ਚਿੰਨ ਅਤੇ ਸ਼ਾਲ ਅਤੇ ਸਭਾ ਦੇ ਲੇਖਕਾਂ ਦੀਆਂ ਕਿਤਾਬਾਂ ਦਾ ਸੈੱਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਡਾ. ਅਮਰਜੀਤ ਸਿੰਘ ਹੋਰਾਂ ਨੇ ਆਪਣੀ ਨਵੀਂ ਛਪੀ ਕੌਫ਼ੀ ਟੇਬਲ ਕਿਤਾਬ 'ਗੁਰੂ ਤੇਗ ਬਹਾਦਰ ਜੀ ਟ੍ਰੈਵਲਜ਼ ਐਂਡ ਰੈਲਿਕਸ' ਅਰਪਨ ਲਿਖਾਰੀ ਸਭਾ ਨੂੰ ਭੇਟ ਕੀਤੀ। ਇਨ੍ਹਾਂ ਤੋਂ ਇਲਾਵਾ ਇਸ ਸਾਹਿਤਕ ਅਤੇ ਇਤਿਹਾਸਕ ਮਿਲਣੀ ਵਿਚ ਪ੍ਰਿਤਪਾਲ ਸਿੰਘ ਮੱਲ੍ਹੀ, ਲਖਵਿੰਦਰ ਸਿੰਘ ਜੌਹਲ, ਗੁਰਦਿਆਲ ਸਿੰਘ, ਇਕਬਾਲ ਖ਼ਾਨ, ਸਤਨਾਮ ਸਿੰਘ ਢਾਅ, ਗੁਰਦੀਪ ਸਿੰਘ ਗਹੀਰ, ਇੰਜੀ. ਜੀਰ ਸਿੰਘ ਬਰਾੜ, ਸੁਰਿੰਦਰ ਸਿੰਘ ਢਿੱਲੋਂ,ਮਾ. ਪਰਗਟ ਸਿੰਘ ਰਾਏ, ਗੁਰਦਿਲਰਾਜ ਸਿੰਘ ਦਾਨੇਵਾਲੀਆ, ਬਾਬਾ ਗੁਰਦੇਵ ਸਿੰਘ, ਜਸਵੀਰ ਸਿਹੋਤਾ, ਸਰਬਜੀਤ ਸਿੰਘ ਢਿੱਲੋਂ, ਬਲਜੀਤ ਕੌਰ ਢਿੱਲੋਂ, ਸੁਖਦੇਵ ਕੌਰ ਢਾਅ, ਅਵਤਾਰ ਕੌਰ ਤੱਗੜ, ਸੁਮਨਦੀਪ ਕੌਰ, ਅਤੇ ਰਜਿੰਦਰ ਕੌਰ ਰਨਮਦੀਪ ਸਿੰਘ, ਸੁਬਾ ਸਦੀਕ ਹੋਰਾਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ। ਅਖ਼ੀਰ ਤੇ ਡਾ. ਜੋਗਾ ਸਿੰਘ ਨੇ ਧੰਨਵਾਦ ਕਰਦਿਆਂ ਆਖਿਆ ਕਿ ਅੱਜ ਦੀ ਇਹ ਗੋਸ਼ਟੀ ਇੱਕ ਯਾਦਗਾਰੀ ਗੋਸ਼ਟੀ ਸੀ। ਹੋਰ ਜਾਣਕਾਰੀ ਦਿੰਦਿਆਂ ਆਖਿਆ ਕਿ ਅਗਲੀ ਮੀਟਿੰਗ 11ਨਵੰਬਰ ਨੂੰ, ਜਿਸ ਵਿਚ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਦੀ ਪੁਸਤਕ ਮਹਿਕ ਪੀੜ੍ਹਾਂ ਦੀ ਸ਼ਾਹਮੁਖੀ ਵਿੱਚ ਛਪ ਕੇ ਆਈ ਹੈ, ਲੋਕ ਅਰਪਨ ਕੀਤੀ ਜਾਵੇਗੀ। ਸਾਰੇ ਸਰੋਤਿਆਂ ਨੂੰ ਇਸੇ ਤਰ੍ਹਾਂ ਹੁੰਮ-ਹੁਮਾ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਸਟੇਜ ਦੀ ਕਾਰਵਾਈ ਸਕੱਤਰ ਜਰਨੈਲ ਸਿੰਘ ਨੇ ਬਾਖੂਬੀ ਨਿਭਾਈ।

# ਸੇਵਾ ਸਿੰਘ ਪ੍ਰੇਮੀ ਨੂੰ ਮਾਣ ਸਨਮਾਨ ਮਿਲਿਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ 30 ਸਤੰਬਰ, 2023 ਨੂੰ ਸ਼ਾਮ 6 ਵਜੇ ਐਮਪਾਇਰ ਬੈਂਕੁਏਟ ਹਾਲ ਕੈਲਗਰੀ ਵਿਖੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 7 ਹਾਈ ਪ੍ਰੋਫਾਈਲ ਜੱਜਾਂ ਦੀ ਇੱਕ ਚੋਣ ਕਮੇਟੀ ਦੇ ਨਾਲ ਸਾਊਥ ਏਸ਼ੀਅਨ ਇੰਸਪੀਰੇਸ਼ਨਲ ਅਵਾਰਡ ਸੁਸਾਇਟੀ ਦੁਆਰਾ ਇੱਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ। ਜਿਸ ਵਿੱਚ ਵੱਖ-ਵੱਖ ਅਵਾਰਡ ਸ਼੍ਰੇਣੀਆਂ ਸਨ। ਇਸ ਸ਼੍ਰੇਣੀ ਵਿੱਚ ਸੇਵਾ ਸਿੰਘ ਪ੍ਰੇਮੀ ਇਕੱਲੇ ਹੀ ਸਨ ਅਤੇ ਉਹਨਾਂ ਨੇ ਇਹ ਬਹੁਤ ਹੀ ਵੱਕਾਰੀ ਪੁਰਸਕਾਰ ਪ੍ਰਾਪਤ ਕਰਨ 'ਤੇ ਮਾਣ ਮਹਿਸੂਸ ਕੀਤਾ। ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਉਹਨਾਂ ਕਿਹਾ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਕਮਿਊਨਿਟੀ ਲਈ ਮੇਰੀਆਂ ਅਣਥੱਕ ਵਲੰਟੀਅਰ ਸੇਵਾਵਾਂ ਲਈ ਇਹ ਇੱਕ ਬਹੁਤ ਵੱਡੀ ਮਾਨਤਾ ਹੈ। ਇਹ ਐਵਾਰਡ ਕੈਨੇਡਾ ਦੀ ਸੁਪਰੀਮ ਕੋਰਟ ਦੇ ਮਾਣਯੋਗ ਜੱਜ ਅਤੇ ਕੈਲਗਰੀ ਦੀ ਮੇਅਰ ਡਾ: ਜੋਤੀ ਗੋਂਡੇਕ ਨੇ ਭੇਟ ਕੀਤਾ। ਇਸ ਮੌਕੇ ਕਰੀਬ 400-500 ਲੋਕ ਇਸ ਹਾਲ ਵਿੱਚ ਮੌਜੂਦ ਸਨ।

# ਜਦੋਂ ਕੈਲਗਰੀ ਦੀ ਇੱਕ ਸੜਕ ਉੱਪਰ ਡਾਲਰਾਂ ਦਾ ਮੀਂਹ ਵਰ੍ਹਿਆ !

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਿਨਾਂ ਬੱਦਲਾਂ ਦੇ ਕਦੀ ਮੀਂਹ ਨਹੀਂ ਪੈਂਦਾ ਇਹ ਕਹਾਵਤ ਤਾਂ ਸੁਣਦੇ ਹੀ ਆਏ ਹਾਂ ਪਰ ਕੈਲਗਰੀ ਵਿੱਚ ਡਾਲਰਾਂ ਦਾ ਮੀਂਹ ਪੈ ਗਿਐ ਇਹ ਖ਼ਬਰ ਸਾਹਮਣੇ ਆਈ ਹੈ । ਕਿਸੇ ਬੈਂਕ ਦਾ ਬੂਹਾ ਖੁੱਲਾ ਰਹਿ ਜਾਵੇ ਤਾਂ ਸੋਚ ਸਕਦੇ ਹਾਂ ਕਿ ਹਵਾ ਨਾਲ ਡਾਲਰ ਉੱਡਕੇ ਸੜਕ ਉੱਪਰ ਖਿਲੱਰ ਗਏ ਹੋਣ ਪਰ ਕੈਲਗਰੀ ਸਹਿਰ ਦੇ ਸਾਊਥ ਈਸਟ ਏਰੀਆ ਵਿੱਚ ਸੜਕ ਉੱਪਰ ਬਿਨਾਂ ਬੱਦਲੋਂ ਡਾਲਰਾਂ ਦਾ ਮੀਂਹ ਵਰ੍ਹ ਗਿਆ। ਹੁਣ ਕੈਲਗਰੀ ਪੁਲਿਸ ਨੂੰ ਉਸ ਅਣਪਛਾਤੇ ਬੱਦਲ ਦੀ ਭਾਲ ਹੈ ਜਿਸ ਨੇ ਸੜਕ ਉੱਪਰ ਮੀਂਹ ਵਾਂਗ ਡਾਲਰਾਂ ਦਾ ਛਿੱਟਾ ਦੇ ਦਿੱਤਾ। ਖ਼ਬਰ ਇਹ ਹੈ ਕਿ ਬੀਤੇ ਮੰਗਲਵਾਰ ਵਾਲੇ ਦਿਨ ਕੈਲਗਰੀ ਦੀ 68 ਸਟਰੀਟ ਅਤੇ ਐਪਲਵੁੱਡ ਡਰਾਈਵ ਸਾਊਥ ਈਸਟ ਏਰੀਆ ਵਿੱਚ ਸਵੇਰੇ 11 ਕੁ ਵਜੇ ਦੇ ਕਰੀਬ ਪੁਲਿਸ ਨੂੰ ਪਤਾ ਲੱਗਾ ਕਿ ਸੜਕ ਉੱਪਰ ਵੱਡੀ ਗਿਣਤੀ ਵਿੱਚ 20-20 ਡਾਲਰ ਵਾਲੇ ਨੋਟ ਖਿਲਰੇ ਹੋਏ ਹਨ ਅਤੇ ਲੋਕਾਂ ਦਾ ਹਜੂਮ ਦੌੜ ਦੌੜ ਕੇ ਉਹਨਾਂ ਡਾਲਰਾਂ ਨੂੰ ਚੁੱਕ ਚੁੱਕ ਆਪਣੀਆਂ ਜੇਬਾਂ ਵਿੱਚ ਪਾ ਰਿਹਾ ਹੈ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਉਪਰੋਕਤ ਇਲਾਕੇ ਨੂੰ ਆਪਣੇ ਕੰਟਰੋਲ ਹੇਠ ਕਰਕੇ 5000 ਦੇ ਕਰੀਬ ਡਾਲਰ ਸੜਕ ਉੱਪਰੋਂ ਆਪਣੇ ਕਬਜੇ ਹੇਠ ਲੈ ਲਏ। ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਜੋ ਲੋਕ ਚੁੱਕਕੇ ਲੈ ਗਏ ਉਹ ਕਿਸੇ ਗਿਣਤੀ ਮਿਣਤੀ ਵਿੱਚ ਨਹੀਂ ਹਨ। ਸੜਕ ਉੱਪਰ ਖਿਲਰੇ ਇਹਨਾਂ ਲਾਵਾਰਸ ਡਾਲਰਾਂ ਦਾ ਇਸ ਤਰਾਂ ਖਿਲਰਨਾ, ਕੀ ਕਾਰਣ ਸੀ ? ਇਹਨਾਂ ਡਾਲਰਾਂ ਦਾ ਅਸਲ ਮਾਲਕ ਕੌਣ ਹੈ। ਕਿਤੇ ਇਹ ਡਰੱਗ ਨਾਲ ਸਬੰਧਿਤ ਧਨ ਤਾਂ ਨਹੀਂ? ਹੁਣ ਪੁਲਿਸ ਇਸ ਭਾਲ ਵਿੱਚ ਲੱਗੀ ਹੋਈ ਹੈ । ਵੈਸੇ ਉਸ ਦਿਨ ਪੁਲਿਸ ਨੂੰ ਉਸੇ ਇਲਾਕੇ ਵਿੱਚੋਂ ਥੋੜੀ ਮਾਤਰਾ ਵਿੱਚ ਲਾਵਾਰਸ ਡਰੱਗ ਵੀ ਮਿਲੀ ਹੈ ਪਰ ਹਾਲੇ ਤੱਕ ਇਹ ਜਾਣਕਾਰੀ ਸਾਹਮਣੇ ਨਹੀਂ ਆਈ ਕਿ ਇਹ ਲਾਵਾਰਸ ਡਾਲਰ ਅਤੇ ਲਾਵਰਸ ਡਰੱਗ ਦਾ ਆਪਸ ਵਿੱਚ ਵੀ ਕੋਈ ਸੁਮੇਲ ਹੈ।

# ਕੈਲਗਰੀ ਦੇ ਬਜ਼ੁਰਗਾਂ ਨੇ ਥੈਂਕਸਗਿਵਿੰਗ ਡੇਅ ਮਨਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਥੈਂਕਸਗਿਵਿੰਗ ਡੇਅ ਮੌਕੇ ਸਟੇਜ ਸੰਚਾਲਨ ਦੀ ਜ਼ੁੰਮੇਵਾਰੀ ਨਿਭਾਉਂਦਿਆਂ ਹੋਇਆਂ ਜ਼ੀਰ ਸਿੰਘ ਬਰਾੜ ਨੇ ਸਭਾ ਦੇ ਪ੍ਰਧਾਨ ਗੁਰਬਖ਼ਸ਼ ਸਿੰਘ ਸਮੇਤ ਆਹੁਦੇਦਾਰਾਂ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਸ਼ੋਭਿਤ ਹੋਣ ਲਈ ਬੁਲਾਇਆ । ਸਭ ਤੋਂ ਪਹਿਲਾਂ ਗੁਰਬਚਨ ਬਰਾੜ ਨੇ ਥੈਕਸਗਿਵਿੰਗ ਡੇ, ਇਸਦੇ ਮਹੱਤਵ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਗਲੋਬਲ ਪ੍ਰਵਾਸੀ ਦੇ ਪ੍ਰਧਾਨ ਸੱਤਪਾਲ ਕੌਸ਼ਲ ਹੋਰਾਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਸਾਨੂੰ ਹਰ ਇੱਕ ਵਿਅਕਤੀ ਦਾ ਧੰਨਵਾਦੀ ਹੋਣਾ ਚਾਹੀਦਾ ਹੈ ਜਿਸਨੇ ਸਾਡੀ ਜ਼ਰਾ ਜਿੰਨੀ ਵੀ ਮੱਦਦ ਕੀਤੀ ਹੋਵੇ । ਸੰਤ ਸਿੰਘ ਧਾਲੀਵਾਲ ਜੀ ਨੇ ਸਭ ਨੂੰ ਇਸ ਦਿਨ ਦੀ ਵਧਾਈ ਦਿੱਤੀ ।ਬਿੱਕਰ ਸਿੰਘ ਸੰਧੂ ਜੀ ਨੇ ਇਸ ਦਿਨ ਨੂੰ ਮਨਾਉਣ ਸੰਬੰਧੀ ਜਿੱਥੇ ਵਿਸਥਾਰ ਵਿੱਚ ਭਾਸ਼ਨ ਦਿੱਤਾ ਉੱਥੇ ਮੈਂਬਰਾਂ ਦੀ ਪਸੰਦ ਦਾ ਇੱਕ ਗੀਤ ਵੀ ਪੇਸ਼ ਕੀਤਾ ।ਮਾਸਟਰ ਬਚਿੱਤਰ ਸਿੰਘ ਗਿੱਲ ਜੀ ਨੇ ਪੰਜਾਬ ਦੀ ਕਿਸਾਨੀ ਵਾਂਗ ਕੈਨੇਡਾ ਦੀ ਕਿਸਾਨੀ ਵੱਲੋਂ ਫ਼ਸਲ ਦੀ ਵਾਢੀ ਉਪਰੰਤ ਇਸ ਵਿਸ਼ੇਸ਼ ਦਿਨ ਤੇ ਖ਼ੁਸ਼ੀ ਮਨਾਉਣ ਨਾਲ ਇਕਸਾਰਤਾ ਦੀ ਸਾਂਝ ਦਾ ਉਲੇਖ ਕੀਤਾ ਤੇ ਹਮੇਸ਼ਾਂ ਆਪਣੀ ਕਵੀਸ਼ਰੀ ਦਾ ਰੰਗ ਬਾਬੂ ਰਜ਼ਬ ਅਲੀ ਦੇ " ਵਤਨ ਦੀਆਂ ਤਾਂਘਾਂ " ਰਚਨਾਂ ਸੁਣਾ ਕੇ ਪ੍ਰਗਟ ਕੀਤਾ । ਅੰਤ ਵਿੱਚ ਪ੍ਰਧਾਨ ਗੁਰਬਖ਼ਸ਼ ਸਿੰਘ ਜੱਸਲ ਨੇ ਜਿੱਥੇ ਸਾਰੇ ਹਾਜ਼ਰੀਨ ਦਾ ਧੰਨਵਾਦ ਕੀਤਾ ਉੱਥੇ ਵਿਸ਼ੇਸ਼ ਤੌਰ ਤੇ ਬਿੱਕਰ ਸਿੰਘ ਸੰਧੂ ਜੀ ਦੀਆਂ ਸੋਸਾਇਟੀ ਪ੍ਰਤੀ ਦਿੱਤੀਆਂ ਜਾ ਰਹੀਆਂ ਸੇਵਾਵਾਂ ਲਈ ਵੀ ਪ੍ਰਸੰਸ਼ਾ ਕੀਤੀ । ਜ਼ੀਰ ਸਿੰਘ ਬਰਾੜ ਵੱਲੋਂ ਇਸ ਸਾਰੀ ਕਾਰਵਾਈ ਬਹੁਤ ਸੁਚੱਜੇ ਢੰਗ ਨਾਲ ਨਿਭਾਈ ਗਈ । ਉਪਰੰਤ ਸਾਰਿਆਂ ਨੇ ਚਾਹ ਪਾਣੀ ਦਾ ਅਨੰਦ ਮਾਣਿਆ ਇਸ ਮੌਕੇ ਤੇ ਸੋਸਾਇਟੀ ਦੇ ਮੈਂਬਰਾਂ ਤੋਂ ਇਲਾਵਾ ਗਲੋਬਲ ਪ੍ਰਵਾਸੀ , ਐਕਸ ਸਰਵਿਸਮੈਨ ਤੇ ਇੰਕਾ ਸੋਸਾਇਟੀ ਦੇ ਅਹੁਦੇਦਾਰ ਅਤੇ ਮੈਂਬਰਾਂ ਨੂੰ ਵੀ ਸੱਦਾ ਦਿੱਤਾ ਗਿਆ ਸੀ ।













# ਯੂਨਾਈਟਡ ਨੇਸ਼ਨ ਨੇ ਗਾਜਾ ਪੱਟੀ ਵਿੱਚੋਂ ਲੋਕਾਂ ਨੂੰ ਨਿਕਲ ਜਾਣ ਦੇ ਹੁਕਮਾਂ ਨੂੰ ਜ਼ੁਰਮ ਕਰਾਰ ਦਿੱਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਯੂਨਾਈਟਡ ਨੇਸ਼ਨ ਹਿਊਮਨ ਰਾਈਟ ਦਫਤਰ ਦੇ ਬੁਲਾਰਿਆਂ ਦਾ ਇਹ ਕਹਿਣਾ ਹੈ ਇਜਰਾਇਲ ਵੱਲੋਂ ਉੱਤਰੀ ਗਾਜ਼ਾ ਪੱਟੀ ਵਿੱਚ ਲੋਕਾਂ ਨੂੰ ਉਥੋਂ ਧੱਕੇ ਨਾਲ ਜਾਣ ਲਈ ਆਖਣਾ ਇੰਟਰਨੈਸ਼ਨਲ ਲਾਅ ਦੀ ਉਲੰਘਣਾ ਹੈ। ਇਸ ਵੈਕਏਸ਼ਨ ਆਰਡਰ ਕਾਰਨ ਜੋ ਲੋਕ ਗਾਜਾ ਵੱਲੋਂ ਰਵਾਨਾ ਹੋਏ ਹਨ ਉਹ ਉੱਥੇ ਜਾ ਕੇ ਫਸ ਗਏ ਹਨ। ਇਜਰਾਇਲ ਵੱਲੋਂ



ਇਹ ਹੁਕਮ ਜਾਰੀ ਕਰਦਿਆਂ ਕੋਈ ਧਿਆਨ ਨਹੀਂ ਰੱਖਿਆ ਗਿਆ ਕਿ ਉੱਥੇ ਉਜੜ ਕੇ ਜਾਣ ਵਾਲੇ ਲੋਕਾਂ ਦੇ ਰਹਿਣ ਖਾਣ ਪੀਣ ਦਾ ਪ੍ਰਬੰਧ ਕਿਸ ਤਰੀਕੇ ਦੇ ਨਾਲ ਹੋਵੇਗਾ। ਲੋਕਾਂ ਦੀ ਹੈਲਥ ਸੇਫਟੀ ਨੂੰ ਲੈ ਕੇ ਇੱਕ ਵੱਡਾ ਸਵਾਲ ਖੜਾ ਹੋ ਗਿਆ ਹੈ। ਸਾਊਥ ਗਾਜਾ ਵਿੱਚ ਫਸੇ ਲੋਕਾਂ ਕੋਲ ਰਾਸ਼ਨ ਪਾਣੀ ਮੁੱਕਦਾ ਜਾ ਰਿਹਾ ਹੈ ਅਤੇ ਸਹੂਲਤਾਂ ਸੀਮਤ ਹਨ। ਯੂਨਾਈਟਡ ਨੇਸ਼ਨ ਹਿਊਮਨ ਰਾਈਟ ਦਫਤਰ ਦੇ ਬੁਲਾਰਿਆਂ ਨੇ ਇਸ ਨੂੰ ਮਨੁੱਖਤਾ ਖਿਲਾਫ ਕਰਾਈਮ ਆਖਿਆ ਜਿਸ ਦੀ ਕਿ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ ਅਨੁਸਾਰ ਸਜ਼ਾ ਬਣਦੀ ਹੈ। ਉਧਰ ਵਰਲਡ ਫੂਡ ਪ੍ਰੋਗਰਾਮ ਦਾ ਕਹਿਣਾ ਹੈ ਕਿ ਉਹਨਾਂ ਦੀ ਫੂਡ ਸਪਲਾਈ ਗਾਜਾ ਵਿੱਚ ਲਗਾਤਾਰ ਘਟਦੀ ਜਾ ਰਹੀ ਹੈ। ਜੰਗ ਕਾਰਨ ਪੈਦਾ ਹੋਏ ਹਾਲਾਤਾਂ ਕਾਰਨ ਹੈਲਥ ਕੇਅਰ ਸਿਸਟਮ ਵੀ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ।

# ਵਧੀ ਹੋਈ ਮੌਰਗੇਜ ਕਾਰਨ ਲੋਕ ਆਪਣੇ ਘਰ ਵੇਚਣ ਨੂੰ ਮਜਬੂਰ ਹੋਏ

ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਰਗੇ ਦੇਸ਼ ਵਿੱਚ ਹਰੇਕ ਵਿਅਕਤੀ ਦੀ ਖਵਾਹਿਸ਼ ਹੁੰਦੀ ਹੈ ਅਤੇ ਸੁਪਨਾ ਵੀ ਹੁੰਦਾ ਏ ਕਿ ਉਸਦਾ ਆਪਣਾ ਘਰ ਹੋਵੇ ਪਰ ਜੇਕਰ ਹਾਲਾਤ ਇਸ ਤਰ੍ਹਾਂ ਦੇ ਬਣ ਜਾਣ ਕਿ ਸੁਪਨਿਆਂ ਦੇ ਘਰ ਨੂੰ ਵੇਚਣਾ ਪੈ ਜਾਵੇ ਤਾਂ ਕਿਸੇ ਵੀ ਵਿਅਕਤੀ ਵਾਸਤੇ ਇਹ ਬੇਹਦ ਮੁਸ਼ਕਿਲ ਸਥਿਤੀ ਹੁੰਦੀ ਹੈ ਪਰ ਵਧੀਆਂ ਹੋਈਆਂ ਵਿਆਜ਼ ਦਰਾਂ ਕਾਰਨ ਮੋਰਗੇਜ ਕਾਫੀ ਵਧ ਚੁਕੀ ਹੈ ਜਿਸ ਕਾਰਨ ਹੁਣ ਕਈ ਲੋਕ ਇਸ ਤਰ੍ਹਾਂ ਦੇ ਹਨ ਜਿਨਾਂ ਨੂੰ ਆਪਣੇ ਘਰ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

# ਇਜ਼ਰਾਇਲੀ ਫ਼ੌਜ ਅਨੁਸਾਰ 199 ਵਿਅਕਤੀ-ਹਮਾਸ ਤੇ ਫਲਸਤੀਨੀ ਅੱਤਵਾਦੀਆਂ ਦੀ ਕੈਦ 'ਚ ਹਨ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਇਲੀ ਫੌਜ ਨੇ ਕਿਹਾ ਹੈ ਕਿ ਹਮਾਸ ਅਤੇ ਹੋਰ ਫਲਸਤੀਨੀ ਅਤਿਵਾਦੀਆਂ ਨੇ ਗਾਜ਼ਾ ਵਿੱਚ 199 ਲੋਕਾਂ ਨੂੰ ਬੰਦੀ ਬਣਾ ਕੇ ਰੱਖਿਆ ਹੋਇਆ ਹੈ ਅਤੇ ਇਹ ਗਿਣਤੀ ਪਿਛਲੇ ਅਨੁਮਾਨਾਂ ਤੋਂ ਵੱਧ ਹੈ। ਬੰਦੀਆਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਇਹ ਸਪੱਸ਼ਟ ਨਹੀਂ ਕੀਤਾ ਕਿ ਬੰਦੀਆਂ ਦੀ ਇਸ ਗਿਣਤੀ ਵਿੱਚ ਵਿਦੇਸ਼ੀ ਨਾਗਰਿਕ ਵੀ ਸ਼ਾਮਲ ਹਨ ਜਾਂ ਨਹੀਂ। ਇਹ ਵੀ ਨਹੀਂ ਦੱਸਿਆ ਕਿ ਇਨ੍ਹਾਂ ਬੰਦੀਆਂ ਨੂੰ ਕਿਸ ਦੀ ਕੈਦ ਵਿਚ ਰੱਖਿਆ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਇਨ੍ਹਾਂ 'ਚੋਂ ਜ਼ਿਆਦਾਤਰ ਲੋਕਾਂ ਨੂੰ ਗਾਜ਼ਾ 'ਤੇ ਸ਼ਾਸਨ ਕਰਨ ਵਾਲੇ ਹਮਾਸ ਅਤਿਵਾਦੀ ਸਮੂਹ ਨੇ ਬੰਦੀ ਬਣਾ ਲਿਆ ਹੈ। ਇਜਰਾਇਲ ਅਤੇ ਹਮਾਸ ਦੀ ਜੰਗ ਦੇ ਦੌਰਾਨ ਇੱਕ ਦਿਲ ਦਹਿਲਾ ਦੇਣ ਵਾਲੀ ਖਬਰ ਅਮਰੀਕਾ ਤੋਂ ਆ ਰਹੀ ਹੈ ਜਿੱਥੇ ਇੱਕ 71 ਸਾਲਾ ਬਜ਼ੁਰਗ ਨੇ ਇੱਕ ਛੇ ਸਾਲ ਦੇ ਬੱਚੇ ਦੀ ਤੇਜ਼ਧਾਰ ਹਥਿਆਰ ਦੇ ਨਾਲ ਬੜੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਅਤੇ ਇਸ ਪਿੱਛੇ ਕਾਰਨ ਇਹ ਸੀ ਕਿ ਇਹ ਬੱਚਾ ਫਲਸਤੀਨੀ ਮੂਲ ਦਾ ਸੀ।

# ਕਨੇਡਾ ਆਪਣੇ ਡਿਪਲੋਮੈਟਸ ਨੂੰ ਭਾਰਤ ਵਿੱਚੋਂ ਵਾਪਿਸ ਨਹੀਂ ਬੁਲਾਉਣਾ ਚਾਹੁੰਦਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਭਾਰਤ ਵਿਵਾਦ ਦੇ ਚਲਦਿਆਂ ਭਾਰਤ ਸਰਕਾਰ ਨੇ ਕਨੇਡਾ ਨੂੰ ਅਕਤੂਬਰ 10 ਤੱਕ ਦਾ ਸਮਾਂ ਦਿੱਤਾ ਸੀ ਕਿ ਉਹ ਭਾਰਤ ਵਿੱਚੋਂ ਆਪਣੇ ਦੋ ਤੇ ਹਾਈ ਡਿਪਲੋਮੈਂਟਸ ਨੂੰ ਉਥੋਂ ਵਾਪਸ ਬੁਲਾ ਲੈਣ ਪਰ ਕਨੇਡਾ ਚਾਹੁੰਦਾ ਸੀ ਕਿ ਜਿੰਨੇ ਡਿਪਲੋਮੈਂਟ ਭਾਰਤ ਦੇ ਕੈਨੇਡਾ ਵਿੱਚ ਹਨ ਉਨੇ ਹੀ ਭਾਰਤ ਵਿੱਚ ਰਹਿਣ। ਹੁਣ ਪ੍ਰਾਪਤ ਜਾਣਕਾਰੀ ਅਨੁਸਾਰ ਕਨੇਡਾ ਵੱਲੋਂ ਮਿੱਥੀ ਤਰੀਕ ਲੰਘਣ ਦੇ ਬਾਵਜੂਦ ਆਪਣੇ ਡਿਪਲੋਮੈਟਸ ਨੂੰ ਭਾਰਤ ਵਿੱਚੋਂ ਨਹੀਂ ਹਟਾਇਆ ਗਿਆ। ਭਾਰਤ ਅਨੁਸਾਰ ਕਨੇਡਾ ਵਿੱਚ ਉਹਨਾਂ ਦੇ 21 ਡਿਪਲੋਮੈਂਟ ਸਨ ਤੇ ਇਸ ਹਿਸਾਬ ਨਾਲ ਕਨੇਡਾ ਆਪਣੇ 41 ਵਾਧੂ ਆਫਿਸ਼ੀਅਲਸ ਨੂੰ ਵਾਪਸ ਬੁਲਾ ਲਵੇ ਜਿਨਾਂ ਦੀ ਕੁੱਲ ਗਿਣਤੀ 62 ਬਣਦੀ ਹੈ। ਉਧਰ ਕਨੇਡਾ ਸਰਕਾਰ ਦਾ ਆਖਣਾ ਹੈ ਕਿ ਉਹਨਾਂ ਨੂੰ ਭਾਰਤ ਦੀ ਇਹ ਗਿਣਤੀ ਸਮਝ ਨਹੀਂ ਆ ਰਹੀ ਕਿਉਂਕਿ ਕਨੇਡੀਅਨ ਰਿਕਾਰਡ ਅਨੁਸਾਰ ਭਾਰਤ ਦੇ 60 ਅਧਿਕਾਰੀ ਕਨੇਡਾ ਵਿੱਚ ਰਜਿਸਟਰਡ ਹਨ।

ਜੇਕਰ ਕਨੇਡਾ ਆਪਣੇ ਆਫੀਸ਼ਅਲ ਨੂੰ ਭਾਰਤ ਵਿੱਚੋਂ ਹਟਾਉਂਦਾ ਹੈ ਤਾਂ ਉਥੋਂ ਜਾਰੀ ਕੀਤੇ ਜਾਣ ਵਾਲੇ ਵੀਜ਼ਿਆਂ ਦੇ ਕੰਮ ਵਿੱਚ ਵੱਡਾ ਵਿਘਨ ਪਵੇਗਾ। ਜਿਸ ਕਾਰਨ ਇਮੀਗ੍ਰੇਸ਼ਨ ਅਤੇ ਇੰਟਰਨੈਸ਼ਨਲ ਸਟੂਡੈਂਟਸ ਦੇ ਵੀਜ਼ਾ ਪ੍ਰਿਕਿਰਿਆ ਵਿੱਚ ਖਾਸ ਰੁਕਾਵਟ ਆਵੇਗੀ।

## ਗਰੋਸਰੀ ਦੀਆਂ ਕੀਮਤਾਂ ਵਿੱਚ ਵਾਧੇ ਦੀ ਰਫਤਾਰ ਨੂੰ ਵੀ ਸਤੰਬਰ ਮਹੀਨੇ ਦੌਰਾਨ ਕੁੱਝ ਬਰੇਕਾਂ ਲੱਗੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਟੇਟਕਸ ਕਨੇਡਾ ਅਦਾਰੇ ਵੱਲੋਂ ਕਨੇਡਾ ਦੀ ਮਹਿੰਗਾਈ ਸਬੰਧੀ ਸਤੰਬਰ ਮਹੀਨੇ ਦੀ ਰਿਪੋਰਟ ਪੇਸ਼ ਕੀਤੀ ਗਈ ਹੈ। ਸਤੰਬਰ ਵਿੱਚ ਮਹਿੰਗਾਈ ਦਰ ਘੱਟ ਕੇ 3.8% ਉੱਤੇ ਪਹੁੰਚ ਗਈ ਹੈ ਜਦੋਂ ਕਿ ਅਗਸਤ ਮਹੀਨੇ ਦੌਰਾਨ ਇਹ ਮਹਿੰਗਾਈ ਦਰ 4% ਹੋ ਗਈ ਸੀ। ਇਨਫਲੇਸ਼ਨ ਰੇਟ ਥੱਲੇ ਆਉਣ ਦਾ ਮੁੱਖ ਕਾਰਨ ਨੈਚੁਰਲ ਗੈਸ ਟੈਲੀਫੋਨ ਸੇਵਾਵਾਂ ਏਅਰ ਟਰਾਂਸਪੋਰਟੇਸ਼ਨ ਚਾਇਲਡ ਕੇਅਰ ਸਰਵਿਸਿਸ ਹਾਊਸਕੀਪਿੰਗ ਸਰਵਿਸ ਦੇ ਖਰਚੇ ਘਟਣਾ ਹੈ। ਇਸ ਤੋਂ ਇਲਾਵਾ ਗਰੋਸਰੀ ਦੀਆਂ ਕੀਮਤਾਂ ਵਿੱਚ ਵਾਧੇ ਦੀ ਰਫਤਾਰ ਨੂੰ ਵੀ ਸਤੰਬਰ ਮਹੀਨੇ ਦੌਰਾਨ ਕੁੱਝ ਬਰੇਕਾਂ ਲੱਗੀਆਂ ਹਨ। ਸਤੰਬਰ ਮਹੀਨੇ ਵਿੱਚ ਇਹ ਦਰ 5.8% ਰਹੀ ਜਦਕਿ ਅਗਸਤ ਮਹੀਨੇ ਵਿੱਚ ਇਹ ਦਰ 6.9% ਸੀ। ਉਧਰ ਬੈਂਕ ਆਫ ਕੈਨੇਡਾ ਵੱਲੋਂ ਵਿਆਜ ਦਰਾਂ ਨਿਰਧਾਰਿਤ ਕਰਨ ਵੇਲੇ ਇਨਫਲੇਸ਼ਨ ਰੇਟ ਵੱਲ ਵੇਖਿਆ ਜਾਂਦਾ ਹੈ। ਇਸ ਸਮੇਂ ਬੈਂਕ ਆਫ ਕੈਨੇਡਾ ਦੀਆਂ ਵਿਆਜ ਦਰਾਂ 5% ਉੱਤੇ ਹਨ।

# ਪਠਾਨਕੋਟ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ ਸ਼ਾਹਿਦ ਲਤੀਫ ਦੀ ਸਿਆਲਕੋਟ ਵਿੱਚ ਗੋਲੀਆਂ ਮਾਰਕੇ ਹੱਤਿਆ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਪਠਾਨਕੋਟ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ ਸ਼ਾਹਿਦ ਲਤੀਫ ਦੀ ਪਾਕਿਸਤਾਨ ਦੇ ਸਿਆਲਕੋਟ ਦੀ ਇੱਕ ਮਸਜਿਦ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਸ਼ਾਹਿਦ ਲਤੀਫ ਭਾਰਤ ਦੀ ਜਾਂਚ ਏਜੰਸੀ ਐਨਆਈਏ ਦੀ ਮੋਸਟ ਵਾਂਟੇਡ ਸੂਚੀ ਵਿੱਚ ਸ਼ਾਮਲ ਸੀ। ਮੀਡੀਆ ਰਿਪੋਰਟਾਂ ਮੁਤਾਬਕ ਅਣਪਛਾਤੇ ਲੋਕਾਂ ਨੇ ਲਤੀਫ 'ਤੇ ਗੋਲੀਆਂ ਚਲਾਈਆਂ। ਵਰਨਣਯੋਗ ਹੈ ਕਿ 2 ਜਨਵਰੀ 2016 ਨੂੰ ਜੈਸ਼ ਦੇ ਅੱਤਵਾਦੀਆਂ ਨੇ ਪਠਾਨਕੋਟ ਦੇ ਏਅਰਬੇਸ 'ਤੇ ਹਮਲਾ ਕੀਤਾ ਸੀ। ਇਸ 'ਚ 7 ਜਵਾਨ ਸ਼ਹੀਦ ਹੋ ਗਏ ਸਨ। ਇਹ ਮੁਕਾਬਲਾ 36 ਘੰਟੇ ਤੱਕ ਚੱਲਿਆ ਸੀ ਅਤੇ ਤਲਾਸ਼ੀ ਮੁਹਿੰਮ ਤਿੰਨ ਦਿਨਾਂ ਤੱਕ ਜਾਰੀ ਰਹੀ ਸੀ। ਸ਼ਾਹਿਦ ਲਤੀਫ ਜੋ ਕਿ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਦਾ ਮੁੱਖ




ਮੈਂਬਰ ਸੀ। ਉਸਨੇ ਹੀ ਜੈਸ਼ ਦੇ ਚਾਰ ਅੱਤਵਾਦੀਆਂ ਨੂੰ ਪਠਾਨਕੋਟ ਭੇਜਿਆ ਸੀ। ਲਤੀਫ 'ਤੇ 1999 'ਚ ਇੰਡੀਅਨ ਏਅਰਲਾਈਨਜ਼ ਦੇ ਜਹਾਜ਼ ਨੂੰ ਹਾਈਜੈਕ ਕਰਨ ਵਾਲੇ ਅੱਤਵਾਦੀਆਂ 'ਚ ਸ਼ਾਮਲ ਹੋਣ ਦਾ ਵੀ ਦੋਸ਼ ਹੈ।















# ਕੈਲਗਰੀ ਵਿੱਚ ਘਰ ਹੋਰ ਮਹਿੰਗੇ ਹੋ ਸਕਦੇ ਹਨ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਰੀਅਲ ਸਟੇਟ ਫਰਮ ਰੋਇਲੀ ਪੇਜ ਨੇ ਕਨੇਡਾ ਦੇ ਵਿੱਚ ਘਰਾਂ ਦੀਆਂ ਕੀਮਤਾਂ ਸਬੰਧੀ ਸਾਲ ਦੇ ਚੌਥੇ ਕੁਆਰਟਰ ਸਬੰਧੀ ਹੋਰ ਅੰਦਾਜਾ ਪੇਸ਼ ਕੀਤਾ ਹੈ। ਅਦਾਰੇ ਅਨੁਸਾਰ ਔਸਤਨ ਘਰਾਂ ਦੀਆਂ ਕੀਮਤਾਂ ਵਿੱਚ ਪਿਛਲੇ ਸਾਲ ਦੇ ਮੁਕਾਬਲੇ 7% ਦਾ ਵਾਧਾ ਹੋਵੇਗਾ ਪਹਿਲਾਂ ਇਹ ਪ੍ਰੋਜੈਕਟ ਦਾ ਲਾਇਆ ਜਾ ਰਿਹਾ ਸੀ ਸਾਲ 2023 ਦੇ ਤੀਜੇ ਕੁਆਰਟਰ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ ਤਿੰਨ ਪੁਆਇੰਟ 6% ਦਾ ਵਾਧਾ ਹੋਇਆ ਸੀ। ਟੋਰੋਂਟੋ ਅਤੇ ਵੈਨਕੂਵਰ ਇਲਾਕਿਆਂ ਵਿੱਚ ਪਿਛਲੇ ਕੁਆਰਟਰ ਦੌਰਾਨ ਕੀਮਤਾਂ 2.8% ਅਤੇ 1.8% ਦੇ ਹਿਸਾਬ ਨਾਲ ਘਟੀਆਂ ਹਨ। ਜਦਕਿ ਗਰੇਟਰ ਮੌਂਟਰਿਅਲ ਏਰੀਆ ਵਿੱਚ ਕੀਮਤਾਂ ਵਿੱਚ ਪੁਆਇੰਟ .6% ਦਾ ਵਾਧਾ ਹੋਇਆ ਹੈ। ਅਦਾਰੇ ਵੱਲੋਂ ਦੱਸਿਆ ਜਾ ਰਿਹਾ ਹੈ ਕਿ ਇਕੱਲਾ ਕੈਲਗਰੀ ਅਜਿਹਾ ਸ਼ਹਿਰ ਹੈ ਜਿੱਥੇ ਚੌਥੇ ਕੁਆਰਟਰ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ 9.5% ਤੱਕ ਦਾ ਵਾਧਾ ਵੇਖਣ ਨੂੰ ਮਿਲ ਸਕਦਾ ਹੈ। ਕੈਲਗਰੀ ਵਿੱਚ ਦੇਸ਼ ਭਰ ਤੋਂ ਲੋਕ ਮੂਵ ਹੋ ਰਹੇ ਹਨ ਅਤੇ ਉਥੇ ਇਮੀਗ੍ਰੇਸ਼ਨ ਦੀ ਕਾਫੀ ਜਿਆਦਾ ਹੋ ਰਹੀ ਹੈ। ਅਦਾਰੇ ਮੁਤਾਬਿਕ ਸਿੰਗਲ ਫੈਮਿਲੀ ਡਿਟੈਚ ਘਰਾਂ ਦੀ ਨੈਸ਼ਨਲ ਔਸਤਨ ਕੀਮਤ 3.4% ਵੱਧ ਕੇ 8 ਲੱਖ 33600 ਡਾਲਰ ਹੋ ਗਈ ਹੈ




# ਇਜ਼ਰਾਈਲ ਵਿਰੋਧੀ ਪੋਸਟਾਂ ਕਾਰਣ ਏਅਰ ਕਨੇਡਾ ਦੇ ਇੱਕ ਪਾਇਲਟ ਦੀ ਨੌਕਰੀ ਜਾਂਦੀ ਰਹੀ


ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) ਮਾਂਟਰੀਅਲ ਵਿੱਚ ਹੋਏ ਮੁਜ਼ਾਹਰੇ ਦੌਰਾਨ ਆਪਣੇ ਵੱਲੋਂ ਪਾਈਆਂ ਗਈਆਂ ਇਜ਼ਰਾਈਲ ਵਿਰੋਧੀ ਪੋਸਟਾਂ ਕਾਰਨ ਏਅਰ ਕੈਨੇਡਾ ਦੇ ਇੱਕ ਪਾਇਲਟ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ। ਐਕਸ ਉੱਤੇ ਪੋਸਟ ਕੀਤੇ ਗਏ ਇੱਕ ਮੈਸੇਜ ਵਿੱਚ ਏਅਰ ਕੈਨੇਡਾ ਨੇ ਆਖਿਆ ਕਿ ਸਾਡੇ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਜਾਂਦੀ ਹੈ ਕਿ ਜਿਸ ਪਾਇਲਟ ਵੱਲੋਂ ਇਹ ਪੋਸਟਾਂ ਸਾਂਝੀਆਂ ਕੀਤੀਆਂ ਗਈਆਂ ਹਨ ਉਹ ਹੁਣ ਏਅਰ ਕੈਨੇਡਾ ਲਈ ਕੰਮ ਨਹੀਂ ਕਰਦਾ।ਕੰਪਨੀ ਨੇ ਆਖਿਆ ਕਿ ਇਸ ਤਰ੍ਹਾਂ ਦੀਆਂ ਪੋਸਟਾਂ ਸਵੀਕਾਰਨਯੋਗ ਨਹੀਂ ਹਨ। ਵਰਨਣਯੋਗ ਹੈ ਕਿ ਅਮਰੀਕਾ 'ਚ ਸਥਿਤ ਗਰੁੱਪ ਵੱਲੋਂ ਇਨਸਟਾਗ੍ਰਾਮ ਉੱਤੇ ਉਹ ਸਕਰੀਨ ਸ਼ੌਟਸ ਸਾਂਝੇ ਕੀਤੇ ਗਏ ਜਿਹੜੇ ਮੋਸਤਫਾ ਐਜ਼ੋ ਨਾਂ ਦੇ ਇਸ ਫਲਸਤੀਨ ਪੱਖੀ ਪਾਇਲਟ ਵੱਲੋਂ ਸਾਂਝੇ ਕੀਤੇ ਗਏ ਸਨ। ਇਨ੍ਹਾਂ ਵਿੱਚ ਉਸ ਨੇ ਪਾਇਲਟ ਵਾਲੀ ਯੂਨੀਫਰਮ ਪਾ ਕੇ ਫਲਸਤੀਨ ਪੱਖੀ ਸਾਈਨ ਫੜ੍ਹਿਆ ਹੋਇਆ ਸੀ ਤੇ ਮਾਂਟਰੀਅਲ ਵਿੱਚ ਕੀਤੇ ਜਾ ਰਹੇ ਮੁਜ਼ਾਹਰੇ, ਜਿਸ ਵਿੱਚ ਹਿਟਲਰ ਦਾ ਹਵਾਲਾ ਸੀ, ਵਿੱਚ ਉਸ ਵੱਲੋਂ ਹਿੱਸਾ ਲਿਆ ਗਿਆ ਸੀ।

# ਪੰਜ ਲੱਖ ਡਾਲਰ ਦੇ ਨਸ਼ੀਲੇ ਪਦਾਰਥ ਅਤੇ ਨਕਦੀ ਪੁਲਿਸ ਦੇ ਹੱਥ ਲੱਗੀ

ਟੌਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਨਟਾਰੀਓ ਦੀ ਯੌਰਕ ਰੀਜਨਲ ਪੁਲਿਸ ਨੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਉਸ ਵੱਲੋਂ 500,000 ਡਾਲਰ ਮੁੱਲ ਦੇ ਪਾਬੰਦੀਸ਼ੁਦਾ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ ਹਨ ਤੇ ਇਸ ਸਬੰਧ ਵਿੱਚ ਦੋ ਵਿਅਕਤੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਅਧਿਕਾਰੀਆਂ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੁਲਿਸ ਨੂੰ ਇਹ ਸੂਚਨਾ ਮਿਲੀ ਕਿ 14 ਐਵਨਿਊ ਤੇ ਮਾਰਖਮ ਰੋਡ ਏਰੀਆ ਵਿੱਚ ਸਥਿਤ ਇੱਕ ਘਰ ਤੇ ਡੈਨੀਸਨ ਸਟਰੀਟ ਤੇ ਬ੍ਰਿਮਲੇ ਰੋਡ ਮਾਰਖਮ ਸਥਿਤ ਇੱਕ ਘਰ ਤੋਂ ਦੋ ਮਸ਼ਕੂਕਾਂ ਵੱਲੋਂ ਕੈਟਾਮਾਈਨ ਦੀ ਸਮਗਲਿੰਗ ਕੀਤੀ ਜਾ ਰਹੀ ਹੈ। ਪੁਲਿਸ ਨੇ ਸਰਚ ਵਾਰੰਟ ਕਢਵਾ ਕੇ ਘਰਾਂ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਨੂੰ ਇੱਥੋਂ 9.5 ਕਿੱਲੋ ਕੈਟਾਮਾਈਨ, 37 ਪਾਊਂਡ ਕੈਨਾਬਿਸ ਤੇ 503 ਗ੍ਰਾਮ ਮੈਥ ਬਰਾਮਦ ਹੋਈ। ਫੜੀਆਂ ਗਈਆਂ ਡਰਗਜ਼ ਦੀ ਕੀਮਤ 490,000 ਡਾਲਰ ਦੱਸੀ ਜਾ ਰਹੀ ਹੈ। ਪੁਲਿਸ ਨੂੰ 60,000 ਡਾਲਰ ਕੈਨੇਡੀਅਨ ਕਰੰਸੀ ਦੇ ਰੂਪ ਵਿੱਚ ਵੀ ਬਰਾਮਦ ਹੋਏ। ਪੁਲਿਸ ਨੇ ਜਿੰਨਾ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਉਨ੍ਹਾਂ ਦੀ ਪਛਾਣ ਮਾਰਖਮ ਦੇ 36 ਸਾਲਾ ਯੈਨ ਜਿਨ ਲੀ ਤੇ 26 ਸਾਲਾ ਜੀਏ ਹੁਈ ਚੈਨ ਵੱਜੋਂ ਹੋਈ ਹੈ।




# ਇਜ਼ਰਾਈਲ ਤੇ ਹਮਾਸ ਦਰਮਿਆਨ ਚੱਲ ਰਹੀ ਜੰਗ ਵਿੱਚ ਪੰਜ ਕੈਨੇਡੀਅਨਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਇਜ਼ਰਾਈਲ ਤੇ ਹਮਾਸ ਦਰਮਿਆਨ ਚੱਲ ਰਹੀ ਜੰਗ ਵਿੱਚ ਪੰਜ ਕੈਨੇਡੀਅਨਾਂ ਦੇ ਮਾਰੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਫੈਡਰਲ ਸਰਕਾਰ ਨੇ ਆਖਿਆ ਕਿ ਲੈਬਨਾਨ ਵਿੱਚ ਮੌਜੂਦ ਕੈਨੇਡੀਅਨਾਂ ਨੂੰ ਵੀ ਉੱਥੋਂ ਬਾਹਰ ਨਿਕਲਣ ਦੀ ਸਲਾਹ ਦਿੱਤੀ ਗਈ ਹੈ। ਕੈਨੇਡਾ ਸਰਕਾਰ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਬੀਤੇ ਸ਼ਨਿੱਚਰਵਾਰ ਨੂੰ ਜਿੱਥੇ ਚਾਰ ਕੈਨੇਡੀਅਨਾਂ ਦੇ ਮਾਰੇ ਜਾਣ ਦੀ ਖਬਰ ਸੀ ਹੁਣ ਉੱਥੇ ਐਤਵਾਰ ਨੂੰ ਇਹ ਗਿਣਤੀ ਵੱਧ ਕੇ ਪੰਜ ਹੋ ਗਈ ਹੈ। ਇਨ੍ਹਾਂ ਤੋਂ ਇਲਾਵਾ ਤਿੰਨ ਹੋਰਨਾਂ ਲਾਪਤਾ ਕੈਨੇਡੀਅਨ ਦੀ ਵੀ ਭਾਲ ਕੀਤੀ ਜਾ ਰਹੀ ਹੈ। ਪਾਰਲੀਆਮੈਂਟ ਹਿੱਲ ਉੱਤੇ ਇਸ ਸਬੰਧ ਵਿੱਚ ਮੁਜ਼ਾਹਰੇ ਦੌਰਾਨ ?ਟਵਾ ਵਿੱਚ ਟੈਕਨੀਕਲ ਬ੍ਰੀਫਿੰਗ ਦਿੰਦਿਆਂ ਗਲੋਬਲ ਅਫੇਅਰਜ਼ ਕੈਨੇਡਾ ਦੀ ਅਸਿਸਟੈਂਟ ਡਿਪਟੀ ਮਨਿਸਟਰ ਫੌਰ ਕਾਊਂਸਲਰ ਸਕਿਊਰਿਟੀ ਐਂਡ ਐਮਰਜੰਸੀ ਮੈਨੇਜਮੈਂਟ ਜੂਲੀ ਨੇ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਅਸੀਂ ਲਾਪਤਾ ਕੈਨੇਡੀਅਨਜ਼ ਦਾ ਪਤਾ ਲਾਉਣ ਦੀ ਪੂਰੀ ਕੋਸ਼ਿਸ਼ ਕਰ ਰਹੇ ਹਾਂ ਤੇ ਉਨ੍ਹਾਂ ਨੂੰ ਲੱਭ ਕੇ ਕੈਨੇਡਾ ਲਿਆਉਣਾ ਚਾਹੁੰਦੇ ਹਾਂ।

# ਫਾਰਮਾਕੇਅਰ ਸਬੰਧੀ ਲਿਬਰਲ ਪਾਰਟੀ ਵੱਲੋਂ ਸਮਝੌਤਾ ਸਿਰੇ ਨਾ ਚਾੜਨ ਦੀ ਸੂਰਤ ਵਿੱਚ ਐਨਡੀਪੀ ਸਮਰਥਨ ਵਾਪਸ ਲਵੇਗੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਡਾਕਟਰਾਂ ਵੱਲੋਂ ਲਿਖੇ ਨੁਸਖੇ ਵਾਲੀਆਂ ਦਵਾਈਆਂ ਦੀਆਂ ਕੀਮਤਾਂ ਘਟਾਉਣ ਲਈ ਲਿਆਂਦੇ ਜਾਣ ਵਾਲੇ ਬਿੱਲ ਲਈ ਜੇ ਲਿਬਰਲ ਪਾਰਟੀ ਵਿਰੋਧੀ ਧਿਰ ਵੱਲੋਂ ਤੈਅ ਕੀਤੇ ਮਾਪਦੰਡਾਂ ਉੱਤੇ ਖਰੀ ਨਹੀਂ ਉਤਰਦੀ ਤਾਂ ਅਗਲੀਆਂ ਚੋਣਾਂ ਵਿੱਚ ਫੈਡਰਲ ਐਨਡੀਪੀ ਇਸ ਫਾਰਮਾਕੇਅਰ ਨੂੰ ਪ੍ਰਮੁੱਖ ਮੁੱਦਾ ਬਣਾ ਕੇ ਚੋਣ ਮੈਦਾਨ ਵਿੱਚ ਉਤਰੇਗੀ। ਹਾਊਸ ਆਫ ਕਾਮਨਜ਼ ਵਿੱਚ ਅਹਿਮ ਮੁੱਦਿਆਂ ਉੱਤੇ ਘੱਟ ਗਿਣਤੀ ਲਿਬਰਲ ਪਾਰਟੀ ਦਾ ਸਾਥ ਦੇਣ ਲਈ ਐਨਡੀਪੀ ਵੱਲੋਂ ਕੀਤੀ ਗਈ ਡੀਲ ਵਿੱਚ ਲਿਬਰਲ ਪਾਰਟੀ ਵੱਲੋਂ ਬਕਾਇਦਾ ਇਹ ਕਰਾਰ ਕੀਤਾ ਗਿਆ ਸੀ ਕਿ ਇਸ ਸਾਲ ਨੈਸ਼ਨਲ ਫਾਰਮਾਕੇਅਰ ਲਈ ਫਰੇਮਵਰਕ ਤਿਆਰ ਕਰਨ ਵਾਸਤੇ ਸਰਕਾਰ ਬਿੱਲ ਪੇਸ਼ ਕਰੇਗੀ।ਇਸ ਵੀਕੈਂਡ ਉੱਤੇ ਹੈਮਿਲਟਨ ਵਿੱਚ ਹੋਏ ਆਪਣੇ ਨੀਤੀ ਸਬੰਧੀ ਇਜਲਾਸ ਵਿੱਚ ਐਨਡੀਪੀ ਮੈਂਬਰਾਂ ਨੇ ਐਮਰਜੰਸੀ ਮਤਾ ਲਿਆ ਕੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਲਿਬਰਲ ਪਾਰਟੀ ਵੱਲੋਂ ਯੂਨੀਵਰਸਲ, ਕੌਂਪਰੀਹੈਂਸਿਵ ਤੇ ਪਬਲਿਕ ਫਾਰਮਾਕੇਅਰ ਪ੍ਰੋਗਰਾਮ ਪ੍ਰਤੀ ਆਪਣੀ ਵਚਨਬੱਧਤਾ ਨਹੀਂ ਪੂਰੀ ਕੀਤੀ ਜਾਂਦੀ ਤਾਂ ਉਨ੍ਹਾਂ ਵੱਲੋਂ ਸਰਕਾਰ ਤੋਂ ਸਮਰਥਨ ਵਾਪਿਸ ਲੈ ਲਿਆ ਜਾਵੇਗਾ। ਐਨਡੀਪੀ ਦੀ ਨੈਸ਼ਨਲ ਡਾਇਰੈਕਟਰ ਐਨ ਮੈਕਗ੍ਰੈਥ ਨੇ ਆਖਿਆ ਕਿ ਇਹ ਬਿੱਲ ਲੈ ਕੇ ਆਉਣਾ ਉਨ੍ਹਾਂ ਦੀ ਪਾਰਟੀ ਦੀ ਮੁੱਖ ਤਰਜੀਹ ਹੈ। ਉਨ੍ਹਾਂ ਆਖਿਆ ਕਿ ਇਸ ਹਫਤੇ ਸ਼ੁਰੂ ਹੋ ਰਹੇ ਹਾਊਸ ਆਫ ਕਾਮਨਜ਼ ਦੇ ਸੈਸ਼ਨ ਵਿੱਚ ਐਨਡੀਪੀ ਵੇਖੇਗੀ ਕਿ ਇਸ ਬਿੱਲ ਉੱਤੇ ਜ਼ਰੂਰ ਅਮਲ ਹੋਵੇ। ਐਨਡੀਪੀ ਦੇ ਇਜਲਾਸ ਵਿੱਚ ਜਗਮੀਤ ਸਿੰਘ ਨੇ ਸਪਸ਼ਟ ਕੀਤਾ ਕਿ ਪਾਰਟੀ ਤਬਦੀਲੀ ਲੈ ਕੇ ਆਉਣ ਤੇ ਕੈਨੇਡਾ ਦੇ ਪੁਨਰ ਨਿਰਮਾਣ ਲਈ ਵਚਨਬੱਧ ਹੈ।












# ਗੱਲ ਘਰ ਘਰ ਦੀ

ਕੈਨੇਡਾ ਭਰ ਵਿੱਚ ਮੌਜੂਦਾ ਸਮੇਂ ਹਾਉਜ਼ਿੰਗ ਸੰਕਟ ਚੱਲ ਰਿਹਾ ਹੈ। ਕਿਰਾਏ ਆਕਾਸ਼ ਨੂੰ ਜਾ ਚੜ੍ਹੇ ਹਨ ਤੇ ਨਵੇਂ ਘਰਾਂ ਦੀ ਆਮਦ ਘੱਟ ਹੈ ਜਿਸ ਕਰਕੇ ਘਰਾਂ ਦੀ ਕੀਮਤ ਇਕ ਵਾਰ ਮੁੜ ਚੜ੍ਹਣ ਲੱਗ ਪਈ ਹੈ। ਸਰਕਾਰ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਤੇ ਇਨਫ਼ਲੇਸ਼ਨ ਜਾਂ ਮਹਿੰਗਾਈ ਉਸ ਦੇ ਕਾਬੂ ਨਹੀਂ ਆ ਨਹੀਂ ਰਹੀ ਹੈ। ਅਜਿਹੇ ਦਰਮਿਆਨ ਖ਼ਦਸ਼ਾ ਹੈ ਕਿ ਬੈਂਕ ਵਿਆਜ ਦਰ ਹੋਰ ਨਾ ਵਧ ਜਾਵੇ। ਕਈ ਘਰ ਮਾਲਕ ਇਸ ਸਮੇਂ ਉਸ ਪੱਧਰ ਤੱਕ ਧੱਕੇ ਜਾ ਚੁੱਕੇ ਹਨ ਜਿਥੇ ਉਹਨਾਂ ਕੋਲ ਘਰ ਵੇਚਣ ਤੋਂ ਇਲਾਵਾ ਕੋਈ ਚਾਰਾ ਨਹੀਂ ਰਹਿ ਜਾਵੇਗਾ। ਵਿਆਜ ਦਰਾਂ ਵਧਣ ਕਰਕੇ ਮੌਰਗੇਜ ਦਰਾਂ ਨੇ ਕਈ ਘਰ ਮਾਲਕਾਂ ਦੀਆਂ ਨਾਸਾਂ ਵਿਚੋਂ ਧੂੰਆਂ ਕੱਢ ਦਿੱਤਾ ਹੈ। ਹੁਣ ਇਹ ਲੋਕ ਆਪਣੇ ਖ਼ਰਚਿਆਂ 'ਤੇ ਕਾਬੂ ਕਰਕੇ, ਕੰਮ ਦੇ ਸਮੇਂ ਵਧਾ ਕੇ, ਦੋ-ਦੋ, ਤਿੰਨ-ਤਿੰਨ ਨੌਕਰੀਆਂ ਕਰਕੇ ਕਿਸੇ ਤਰ੍ਹਾਂ ਮੌਰਗੇਜਭੁਗਤਾਨ ਕਰਨ ਲੱਗੇ ਹੋਏ ਹਨ। ਪਰ ਇਹ ਵਾਧੂ ਆਮਦਨ ਹੁਣ ਤਾਂ ਭਾਵੇਂ ਉਹਨਾਂ ਦੀ ਮੌਰਗੇਜ ਦਾ ਭਾਰ ਚੁੱਕ ਲਵੇ ਪਰ ਅਗਲੇ ਸਾਲ ਟੈਕਸ ਭੁਗਤਾਨ ਕਰਨ ਲੱਗਿਆਂ ਇਹੀ ਵਾਧੂ ਆਮਦਨ ਉਹਨਾਂ ਲਈ ਜੀ ਦਾ ਜੰਜਾਲ ਬਣ ਸਕਦੀ ਹੈ ਤੇ ਵਾਧੂ ਇਨਕਮ ਟੈਕਸ ਦੇਣਾ ਪੈ ਸਕਦਾ ਹੈ।




ਹੁਣ ਅਜਿਹੀ ਸਥਿਤੀ ਵਿੱਚ ਕੀਤਾ ਕੀ ਜਾਵੇ?

ਸਭ ਤੋਂ ਪਹਿਲਾਂ, ਆਪਣੇ ਖ਼ਰਚਿਆਂ ਵਿੱਚ ਵੱਡੀ ਕਟੌਤੀ ਕਰਨੀ ਪਵੇਗੀ। ਆਮਦਨ ਵਿਚੋਂ ਬੱਚਤਾਂ ਵਧਾਉਣੀਆਂ ਪੈਣਗੀਆਂ। ਸਪੇਅਰਕੈਸ਼ (ਵਾਧੂ ਨਕਦੀ) ਕੱਢਣੀ ਪਵੇਗੀ ਤਾਂ ਕਿ ਮੌਰਗੇਜਰਿਨਿਉ ਕਰਵਾਉਣ ਤੋਂ ਪਹਿਲਾਂ ਉਸ ਨਾਲ ਭੁਗਤਾਨ ਕੀਤਾ ਜਾ ਸਕੇ। ਕਿਸੇ ਫਾਇਨੈਂਸ਼ੀਅਲਐਕਸਪਰਟ ਨਾਲ ਗੱਲ ਕਰਨ ਦੀ ਸਖ਼ਤ ਲੋੜ ਹੈ ਤਾਂ ਕਿ ਤੁਸੀਂ ਆਪਣੇ ਸੁਫ਼ਨਿਆਂ ਦੇ ਘਰ ਨੂੰ ਵੇਚਣ ਤੋਂ ਬਚ ਸਕੋ। ਵੱਡਾ ਘਰ ਇਸ ਸਮੇਂ ਜ਼ਿਆਦਾ ਆਮਦਨੀ ਵਾਲਿਆਂ ਲਈ ਹੀ ਢੁੱਕਵਾਂ ਰਹੇਗਾ ਪਰ ਜੇ ਤੁਸੀਂ ਮੀਡੀਅਮ ਕਲਾਸ ਜਾਂ ਮੱਧ ਵਰਗ ਵਿੱਚੋਂ ਹੋ ਤਾਂ ਵੱਡੇ ਘਰ ਦਾ ਸੁਫ਼ਨਾ ਹਾਲ ਦੀ ਘੜੀ ਤੁਹਾਡੇ ਵਾਸਤੇ ਨਹੀਂ ਹੈ।

ਇਹ ਗੱਲ ਕੌੜੀ ਲੱਗਦੀ ਹੋ ਸਕਦੀ ਹੈ ਪਰ ਸੱਚ ਇਹੀ ਹੈ। ਜਿਹੜੇ ਘਰ ਮਾਲਕ ਇਸ ਸਮੇਂ ਮੌਰਗੇਜ ਦਰਾਂ ਵਿੱਚ ਵਾਧੇ ਤੋਂ ਇਸ ਹੱਦ ਤੱਕ ਤੰਗ ਹਨ ਕਿ ਉਹ ਘਰ ਵੇਚਣ ਬਾਰੇ ਸੋਚ ਰਹੇ ਹਨ ਤਾਂ ਉਹਨਾਂ ਨੂੰ ਸਲਾਹ ਹੈ ਕਿ ਇਕ ਵਾਰ ਕਿਸੇ ਭਰੋਸੇਮੰਦ ਵਿੱਤੀ ਮਾਹਿਰ ਨਾਲ ਜ਼ਰੂਰ ਸੰਪਰਕ ਕਰਨ। ਕੋਈ ਨਾ ਕੋਈ ਰਸਤਾ ਜ਼ਰੂਰ ਨਿੱਕਲ ਆਵੇਗਾ। ਜਿਹੜੇ ਪਹਿਲੀ ਵਾਰ ਘਰ ਖ਼ਰੀਦਣ ਬਾਰੇ ਸੋਚ ਰਹੇ ਹਨ, ਉਹਨਾਂ ਨੂੰ ਮੇਰੀ ਬੇਨਤੀ ਹੈ ਕਿ ਆਪਣੀ ਫਾਇਨੈਂਸ਼ੀਅਲ ਸਥਿਤੀ, ਘਰ ਦੀ ਜ਼ਰੂਰਤ ਅਤੇ ਜਮ੍ਹਾਂ-ਪੂੰਜੀ ਦੀ ਜਾਣਕਾਰੀ ਲੈ ਕੇ ਮੇਰੇ ਨਾਲ ਸੰਪਰਕ ਕਰਨ; ਮੇਰਾ ਵਾਦਾ ਹੈ ਕਿ ਤੁਸੀਂ ਨਿਰਾਸ਼ ਨਹੀਂ ਹੋਵੋਗੇ।

-ਅਮੂ ਨਾਗਰ

# ਅਲਬਰਟਾ ਸੂਬੇ ਅੰਦਰ 70 ਨਰਸਾਂ ਬਾਹਰਲੇ ਦੇਸਾਂ ਤੋਂ ਆ ਰਹੀਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਹੈਲਥ ਸਰਵਿਸਿਜ਼ ਨੇ ਸੂਬੇ ਵਿੱਚ ਨਰਸਿੰਗ ਦੀ ਘਾਟ ਨੂੰ ਹੱਲ ਕਰਨ ਲਈ ਇੱਕ ਵੱਡਾ ਕਦਮ ਚੁੱਕਿਆ ਹੈ। ਸਿਹਤ ਅਥਾਰਟੀ ਨੇ ਇੱਕ ਨਿਊਜ਼ ਰਿਲੀਜ਼ ਵਿੱਚ ਇਹ ਐਲਾਨ ਕੀਤਾ ਹੈ ਕਿ 15 ਦੇਸ਼ਾਂ ਦੀਆਂ ਲਗਭਗ 70 ਨਰਸਾਂ ਜਲਦੀ ਹੀ ਅਲਬਰਟਾ ਵਿੱਚ ਕੰਮ ਕਰਨ ਲਈ ਆ ਰਹੀਆਂ ਹਨ। ਅਗਲੇ ਛੇ ਮਹੀਨਿਆਂ ਦੌਰਾਨ, ਰਜਿਸਟਰਡ ਨਰਸਾਂ ਕੇਂਦਰੀ ਅਤੇ ਉੱਤਰੀ ਅਲਬਰਟਾ ਵਿੱਚ ਅਲਬਰਟਾ ਹੈਲਥ ਸਰਵਿਸਿਜ਼ ਦੀਆਂ 30 ਥਾਵਾਂ ਉੱਪਰ ਨੌਕਰੀਆਂ ਸ਼ੁਰੂ ਕਰਨਗੀਆਂ। ਅਲਬਰਟਾ ਹੈਲਥ ਸਰਵਿਸਿਜ਼ ਦੇ



ਅਨੁਸਾਰ, ਉਹਨਾਂ ਨੂੰ ਹਸਪਤਾਲਾਂ, ਕਮਿਊਨਿਟੀ ਹੈਲਥ ਸੈਂਟਰਾਂ ਅਤੇ ਪੇਂਡੂ ਭਾਈਚਾਰਿਆਂ ਵਿੱਚ ਉਸ ਜਗਾ ਭੇਜਿਆ ਜਾਵੇਗਾ ਜਿੱਥੇ ਸਟਾਫ਼ ਦੀਆਂ ਸਭ ਤੋਂ ਵੱਡੀਆਂ ਲੋੜਾਂ ਹਨ। ਨਿਊਜ਼ ਰੀਲੀਜ਼ ਵਿੱਚ ਇਹ ਵੀ ਲਿਖਿਆ ਗਿਆ ਹੈ, "ਇਹ ਯਤਨ ਪੂਰੇ ਸੂਬੇ ਵਿੱਚ ਅਲਬਰਟਾ ਹੈਲਥ ਸਰਵਿਸਿਜ਼ ਦੀ ਵਿਆਪਕ ਸਿਹਤ ਕਰਮਚਾਰੀ ਰਣਨੀਤੀ ਨਾਲ ਮੇਲ ਖਾਂਦੇ ਹਨ।" ਪਿਛਲੇ ਸਾਲ, ਅਲਬਰਟਾ ਹੈਲਥ ਸਰਵਿਸਿਜ਼ ਨੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਅਤ ਨਰਸ ਲਈ ਭਰਤੀ ਮੁਹਿੰਮ ਦੀ ਇੱਕ ਲੜੀ ਸ਼ੁਰੂ ਕੀਤੀ ਸੀ ਜਿਸ ਤਹਿਤ ਹਜ਼ਾਰਾਂ ਅਰਜੀਆਂ ਦਾਖਿਲ ਹੋਈਆਂ ਸਨ। ਇਸ ਤੋਂ ਇਲਾਵਾ, ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਅਤ ਨਰਸਾਂ ਜੋ ਪਹਿਲਾਂ ਹੀ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਦੁਆਰਾ ਨਿਯੁਕਤ ਕੀਤੀਆਂ ਗਈਆਂ ਹਨ, ਜਾਂ ਤਾਂ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸਾਂ ਜਾਂ ਸਿਹਤ ਸੰਭਾਲ ਸਹਾਇਕ ਵੱਜੋਂ, ਰਜਿਸਟਰਡ ਨਰਸਾਂ ਬਣਨ ਲਈ ਉਹਨਾਂ ਦੇ ਹੁਨਰ ਅਤੇ ਗਿਆਨ ਨੂੰ ਵਧਾਉਣ ਲਈ ਸਹਾਇਤਾ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ।


ਯੂਨਾਈਟਿਡ ਹਾਕਸ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਪੇਸ਼ ਕਰਦੇ ਨੇ
11 ਵਾਂ ਕੈਲਗਰੀ ਹਾਕਸ ਹਾਕੀ ਗੋਲਡ ਕੱਪ-2023
October 27,28,29 2023
ਫਰੀ ਐਂਟਰੀ
ਗੁਰੂ ਕਾ ਲੰਗਰ ਅਟੁੱਟ ਵਰਤੇਗਾ
ਹਾਕੀ, ਰੱਸਾਕੱਸੀ ਅਤੇ ਤਾਸ਼ ਸੀਪ ਦੇ ਮੁਕਾਬਲੇ ਕਰਵਾਏ ਜਾਣਗੇ ਗਿੱਧਾ ਅਤੇ ਭੰਗੜਾ ਵੀ ਪੇਸ਼ ਕੀਤਾ ਜਾਵੇਗਾ
7555 FALCONRIDGE BLVD (GENESIS CENTRE) CALGARY AB.
ਹੋਰ ਜਾਣਕਾਰੀ ਲਈ ਸਪੰਰਕ ਕਰੋ
unitedhawks.hockey@gmail.com

Sidhu Accounting & Financial Services
Accounting Services: Personal Tax Returns • Corporate Tax Returns • Computerized Bookkeeping • T4's • Record of Employment
Financial Services: • RRSP • Life Insurance Term Life Universal Life • Critical Illness Insurance • Segregated Funds
IQBAL SIDHU (403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5

ਦਾਖਲਾ ਸ਼ੁਰੂ ਹੈ
ਖੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
Massage Therapy Diploma:
Your Path to a brighter future!
• A 2-year program designed for your needs
• Flexible schedules available for working people
• Start working from the comfort of your home.
• Become a Registered Massage Therapist and be eligible to join different organizations.
• As an RMT, work in hospitals, spas, fitness centers, or run your own home business
• New batches starting 9th of August 2023
• Average salary of a massage therapist is $38 - $70
• International Student Accepted
GD COLLEGE CALGARY
Refer a student to our program and Get upto $500
Student Loan and Grant options are also available.
Contact Us: 587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7

PEEL FINANCIAL LEASING & FINANCE
Experts in Commercial & Industrial Finance Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill Jay@peelfinancial.ca 306 880 3869 (Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill Lease Account Manager dave@peelfinancial.ca 306 490 2205

NORTHEAST AUTOMOTIVE
Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact: DEEP 4205-17 Ave SE Calgary (AB)
Fax: 403 313 9993 Email: deep@neauto.ca
www.neauto.ca Ph. 403-263-1000, 403-250-7038

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc "Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL Financial Advisor 403 909 4141

INDIA PALACE RESTAURANT & SWEETS
ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਸੱਤਾ ਦੀ ਦੁਰਵਰਤੋਂ ਜਮਹੂਰੀਅਤ ਦੀ ਕਬਰ ਹੈ

-ਜੇਮਸ ਮੈਡੀਸਨ

# ਹੁਣ ਉਲੰਪਿਕ ਵਿੱਚ ਵੀ ਕ੍ਰਿਕਟ ਦੇ ਚੌਂਕੇ -ਛਿੱਕੇ

ਆਖਿਰ ਕ੍ਰਿਕਟ ਨੂੰ ਵੀ ਓਲੰਪਿਕ ਖੇਡਾਂ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਹ ਐਲਾਨ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਵੋਟਿੰਗ ਤੋਂ ਬਾਅਦ ਕੀਤਾ। ਦੋ ਨੂੰ ਛੱਡ ਕੇ ਬਾਕੀ ਸਾਰੇ ਦੇਸ਼ਾਂ ਨੇ ਇਸ ਦੇ ਹੱਕ ਵਿੱਚ ਵੋਟਿੰਗ ਕੀਤੀ। ਇਸ ਫੈਸਲੇ ਕਾਰਨ ਕ੍ਰਿਕਟ ਪ੍ਰੇਮੀਆਂ ਵਿੱਚ ਉਤਸ਼ਾਹ ਹੋਣਾ ਸੁਭਾਵਿਕ ਹੀ ਹੈ। ਜਿਵੇਂ ਕਿ ਕ੍ਰਿਕਟ ਦੀ ਖੇਡ ਪੂਰੀ ਦੁਨੀਆ ਵਿੱਚ ਪ੍ਰਸਿੱਧ ਹੋ ਗਈ ਹੈ, ਇਸ ਦੇ ਓਲੰਪਿਕ ਵਿੱਚ ਸ਼ਾਮਿਲ ਨਾ ਹੋਣ ਨੂੰ ਲੈ ਕੇ ਲੰਬੇ ਸਮੇਂ ਤੋਂ ਨਿਰਾਸ਼ਾ ਪਾਈ ਜਾ ਰਹੀ ਸੀ। ਹਾਲਾਂਕਿ ਕ੍ਰਿਕਟ ਨਾਲ ਸਬੰਧਤ ਕਈ ਵਿਸ਼ਵ ਪੱਧਰੀ ਮੁਕਾਬਲੇ ਕਰਵਾਏ ਜਾਂਦੇ ਹਨ। ਵਿਸ਼ਵ ਕੱਪ ਵੀ ਕਰਵਾਇਆ ਜਾਂਦਾ ਹੈ। ਇਸ ਦੇ ਬਾਵਜੂਦ ਕਿਉਂਕਿ ਓਲੰਪਿਕ ਦੀ ਆਪਣੀ ਸ਼ਾਨ ਹੈ, ਇਸ ਲਈ ਖੇਡ ਪ੍ਰੇਮੀ ਅਤੇ ਕ੍ਰਿਕਟ ਖਿਡਾਰੀ ਖੁਦ ਇਸ ਨੂੰ ਓਲੰਪਿਕ ਮੁਕਾਬਲੇ ਵਿੱਚ ਸ਼ਾਮਿਲ ਕਰਨ ਦੇ ਹੱਕ ਵਿੱਚ ਸਨ। ਹਾਲਾਂਕਿ ਇਹ ਪਹਿਲੀ ਵਾਰ ਨਹੀਂ ਹੈ ਜਦੋਂ ਕ੍ਰਿਕਟ ਨੂੰ ਓਲੰਪਿਕ ਖੇਡਾਂ 'ਚ ਸ਼ਾਮਿਲ ਕੀਤਾ ਗਿਆ ਹੈ। 1900 ਵਿੱਚ ਪੈਰਿਸ ਓਲੰਪਿਕ ਵਿੱਚ ਕ੍ਰਿਕਟ ਖੇਡੀ ਗਈ ਸੀ, ਜਿਸ ਵਿੱਚ ਇੰਗਲੈਂਡ ਨੇ ਫਰਾਂਸ ਨੂੰ ਹਰਾਇਆ ਸੀ। ਹੁਣ 2028 'ਚ ਲਾਸ ਏਂਜਲਸ 'ਚ ਹੋਣ ਵਾਲੇ ਓਲੰਪਿਕ 'ਚ ਕ੍ਰਿਕਟ ਫਿਰ ਤੋਂ ਹਿੱਸਾ ਲੈ ਸਕੇਗੀ। ਫਿਲਹਾਲ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਇਸ ਦਾ ਫਾਰਮੈਟ ਤੈਅ ਕਰੇਗੀ ਪਰ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਸ 'ਚ ਸਿਰਫ ਛੇ ਮਹਿਲਾ ਅਤੇ ਛੇ ਪੁਰਸ਼ ਟੀਮਾਂ ਹੀ ਹਿੱਸਾ ਲੈਣਗੀਆਂ। ਦਰਅਸਲ, ਓਲੰਪਿਕ ਮੁਕਾਬਲੇ ਵਿੱਚ ਕ੍ਰਿਕਟ ਨੂੰ ਸ਼ਾਮਿਲ ਨਾ ਕਰਨ ਵਿੱਚ ਸਭ ਤੋਂ ਵੱਡੀ ਰੁਕਾਵਟ ਉਸ ਸਮੇਂ ਦੇ ਮੱਦੇਨਜ਼ਰ ਰਹੀ ਹੈ ਜਿਸ ਲਈ ਇਹ ਖੇਡਿਆ ਜਾਂਦਾ ਹੈ। ਓਲੰਪਿਕ ਵਿੱਚ ਖੇਡੀਆਂ ਜਾਣ ਵਾਲੀਆਂ ਸਾਰੀਆਂ ਖੇਡਾਂ ਥੋੜ੍ਹੇ ਸਮੇਂ ਦੀਆਂ ਹੁੰਦੀਆਂ ਹਨ, ਪਰ ਕ੍ਰਿਕਟ ਪੂਰਾ ਦਿਨ ਲੈਂਦੀ ਹੈ। ਜੇਕਰ ਕਦੇ ਮੌਸਮ ਖ਼ਰਾਬ ਹੋ ਜਾਂਦਾ ਹੈ ਤਾਂ ਖੇਡ ਨੂੰ ਮੁਲਤਵੀ ਕਰਨਾ ਪੈਂਦਾ ਹੈ। ਫਿਰ ਓਲੰਪਿਕ ਖੇਡਾਂ ਦਾ ਉਦੇਸ਼ ਪੁਰਾਣੀਆਂ, ਸਥਾਨਕ ਅਤੇ ਰਵਾਇਤੀ ਖੇਡਾਂ ਨੂੰ ਸੰਭਾਲਣਾ, ਨਵੇਂ ਖਿਡਾਰੀਆਂ ਨੂੰ ਪ੍ਰੇਰਿਤ ਕਰਨਾ ਅਤੇ ਉਤਸ਼ਾਹਿਤ ਕਰਨਾ ਰਿਹਾ ਹੈ, ਇਸ ਲਈ ਵਪਾਰਕ ਤੌਰ 'ਤੇ ਪ੍ਰਸਿੱਧ ਖੇਡਾਂ ਨੂੰ ਸ਼ਾਮਿਲ ਕਰਨ ਤੋਂ ਬਚਿਆ ਗਿਆ ਹੈ। ਇਸੇ ਲਈ ਇਸ ਵਿੱਚ ਕ੍ਰਿਕਟ ਨੂੰ ਸ਼ਾਮਲ ਕਰਨ ਨੂੰ ਲੈ ਕੇ ਕਦੇ ਵੀ ਗੰਭੀਰਤਾ ਨਹੀਂ ਦਿਖਾਈ ਗਈ। ਪਰ ਜਦੋਂ ਕ੍ਰਿਕਟ ਨੂੰ ਓਲੰਪਿਕ ਦੀਆਂ ਛੋਟੀਆਂ ਰਾਸ਼ਟਰਮੰਡਲ ਅਤੇ ਏਸ਼ਿਆਈ ਖੇਡਾਂ ਵਿੱਚ ਸ਼ਾਮਿਲ ਕੀਤਾ ਗਿਆ ਤਾਂ ਸੁਭਾਵਿਕ ਤੌਰ 'ਤੇ ਇਸ ਲਈ ਓਲੰਪਿਕ ਕਮੇਟੀ 'ਤੇ ਦਬਾਅ ਬਣਿਆ। ਫਿਰ ਜਦੋਂ ਓਲੰਪਿਕ ਸੰਘ ਨੇ ਵੀ ਇੰਟਰਨੈੱਟ ਮਾਧਿਅਮ 'ਤੇ ਖੇਡੀਆਂ ਜਾਣ ਵਾਲੀਆਂ ਪੂਰੀ ਤਰ੍ਹਾਂ ਨਵੀਆਂ ਕਿਸਮਾਂ ਦੀਆਂ ਖੇਡਾਂ ਦੇ ਮੁਕਾਬਲੇ ਨੂੰ ਮਾਨਤਾ ਦੇ ਦਿੱਤੀ ਹੈ, ਤਾਂ ਕ੍ਰਿਕਟ ਵਰਗੀ ਹਰਮਨਪਿਆਰੀ ਖੇਡ ਨੂੰ ਇਸ ਤੋਂ ਬਾਹਰ ਰੱਖਣ ਦਾ ਹੁਣ ਕੋਈ ਵਾਜਬ ਕਾਰਣ ਨਹੀਂ ਰਹਿ ਗਿਆ ਸੀ। ਕ੍ਰਿਕਟ ਦੇ ਨਾਲ-ਨਾਲ ਚਾਰ ਹੋਰ ਨਵੀਆਂ ਖੇਡਾਂ ਨੂੰ ਵੀ ਓਲੰਪਿਕ ਮੁਕਾਬਲਿਆਂ ਵਿੱਚ ਸ਼ਾਮਿਲ ਕਰਨ ਲਈ ਮਾਨਤਾ ਦਿੱਤੀ ਗਈ ਹੈ। ਕ੍ਰਿਕੇਟ ਅਤੇ ਫੁਟਬਾਲ ਦੋ ਖੇਡਾਂ ਹਨ ਜਿਨ੍ਹਾਂ ਲਈ ਦੁਨੀਆ ਭਰ ਵਿੱਚ ਕ੍ਰੇਜ਼ ਦੇਖਿਆ ਜਾਂਦਾ ਹੈ। ਫੁੱਟਬਾਲ ਪਹਿਲਾਂ ਹੀ ਓਲੰਪਿਕ ਵਿੱਚ ਸ਼ਾਮਿਲ ਹੈ। ਇਸ ਤਰਕ ਨਾਲ ਕ੍ਰਿਕਟ ਨੂੰ ਵੀ ਇਸ ਵਿਚ ਸ਼ਾਮਿਲ ਕਰਨ ਦੀ ਮੰਗ ਜਾਇਜ਼ ਸੀ। ਇਹ ਦੋਵੇਂ ਖੇਡਾਂ ਹੁਣ ਨਾ ਸਿਰਫ਼ ਮਨੋਰੰਜਨ ਦਾ ਸਾਧਨ ਅਤੇ ਖਿਡਾਰੀਆਂ ਦੇ ਹੁਨਰ ਨੂੰ ਪਰਖਣ ਦਾ ਮਾਧਿਅਮ ਬਣ ਗਈਆਂ ਹਨ, ਸਗੋਂ ਕਮਾਈ ਦਾ ਵੱਡਾ ਸਾਧਨ ਵੀ ਬਣ ਗਈਆਂ ਹਨ। ਇਨ੍ਹਾਂ ਖੇਡਾਂ ਜਿੰਨੇ ਸਪਾਂਸਰ ਹੋਰ ਕਿਸੇ ਵੀ ਖੇਡ ਨੂੰ ਨਹੀਂ ਮਿਲਦੇ। ਇਸ ਤਰ੍ਹਾਂ ਉਨ੍ਹਾਂ ਦੇ ਮੁਕਾਬਲੇ ਕਰਵਾਉਣ ਵਾਲੀਆਂ ਕਮੇਟੀਆਂ ਸਭ ਤੋਂ ਅਮੀਰ ਖੇਡ ਕਮੇਟੀਆਂ ਵਿੱਚੋਂ ਹਨ। ਓਲੰਪਿਕ 'ਚ ਸ਼ਾਮਿਲ ਹੋਣ ਨਾਲ ਉਥੇ ਉਨ੍ਹਾਂ ਦੇ ਸਪਾਂਸਰਾਂ ਦੀ ਗਿਣਤੀ ਵੀ ਵਧ ਜਾਵੇਗੀ। ਪਰ ਸਵਾਲ ਅਜੇ ਵੀ ਬਣਿਆ ਹੋਇਆ ਹੈ ਕਿ ਕ੍ਰਿਕਟ ਮੈਚ ਦਾ ਆਯੋਜਨ ਕਿਵੇਂ ਕੀਤਾ ਜਾਵੇਗਾ ਤਾਂ ਕਿ ਓਲੰਪਿਕ ਲਈ ਜ਼ਿਆਦਾ ਸਮਾਂ ਨਾ ਲੱਗੇ। ਪਰ ਹੁਣ ਜਿਵੇਂ ਕਿ ਕ੍ਰਿਕੇਟ ਵਿੱਚ ਵੀਹ ਓਵਰਾਂ ਦਾ ਮੁਕਾਬਲਾ ਪ੍ਰਸਿੱਧ ਹੋ ਗਿਆ ਹੈ, ਇਸ ਦੇ ਸਮੇਂ ਦਾ ਪ੍ਰਬੰਧ ਕਰਨਾ ਮੁਸ਼ਕਲ ਨਹੀਂ ਹੋਵੇਗਾ। ਮੌਜੂਦਾ ਸਮੇਂ 'ਚ ਕ੍ਰਿਕਟ ਦਾ ਓਲੰਪਿਕ 'ਚ ਸ਼ਾਮਲ ਹੋਣਾ ਮਾਣ ਵਾਲੀ ਗੱਲ ਹੈ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

# ਹਾਸ਼ੀਆਗਤ ਐਨ.ਆਰ.ਆਈ. ਸਭਾ ਮੁੜ ਸੁਰਜੀਤ ਹੋਵੇ



ਗੁਰਮੀਤ ਸਿੰਘ ਪਲਾਹੀ

ਕਿਸੇ ਵੇਲੇ ਅਤਿ ਚਰਚਾ ਵਿੱਚ ਰਹੀ ਪ੍ਰਵਾਸੀ ਪੰਜਾਬੀਆਂ ਦੇ ਭਲੇ ਹਿੱਤ ਬਣਾਈ ਐਨ.ਆਰ.ਆਈ. ਸਭਾ (ਰਜਿ:) ਜਲੰਧਰ ਦੇ ਪ੍ਰਧਾਨ ਦੀ ਚੋਣ 5 ਜਨਵਰੀ 2024 ਨੂੰ ਹੋਵੇਗੀ। ਪ੍ਰਧਾਨਗੀ ਚੋਣ ਦਾ ਅਮਲ 11 ਦਸੰਬਰ 2023 ਤੋਂ ਸ਼ੁਰੂ ਹੋਵੇਗਾ।ਐਨ.ਆਰ.ਆਈ. 27 ਅਕਤੂਬਰ 2023 ਤੱਕ 10,000 ਰੁਪਏ ਦੇ ਕੇ ਲਾਈਫ ਮੈਂਬਰਸ਼ਿਪ ਲੈ ਸਕਦੇ ਹਨ। ਇਹ ਸਭਾ 1998 ਵਿੱਚ, ਸੁਸਾਇਟੀ ਰਜਿਸਟ੍ਰੇਸ਼ਨ ਐਕਟ 1860 ਦੇ ਅਧੀਨ ਰਜਿਸਟਰਡ ਕਰਵਾਈ ਗਈ।

ਇਸ ਸਭਾ ਦੇ ਦੁਨੀਆ ਭਰ ਵਿੱਚ 25,000 ਹਜ਼ਾਰ ਤੋਂ ਵੱਧ ਐਨ.ਆਰ.ਆਈ. ਮੈਂਬਰ ਹਨ। ਇਸ ਸਭਾ ਦੇ ਮੁੱਖ ਮੰਤਰੀ ਪੰਜਾਬ ਚੀਫ ਪੈਟਰਨ, ਜਲੰਧਰ ਡਿਵੀਜਨ ਦੇ ਕਮਿਸ਼ਨਰ ਚੇਅਰਮੈਨ ਅਤੇ ਪੰਜਾਬ ਦੇ 12 ਜਿਲਿਆਂ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਨਵਾਂ ਸ਼ਹਿਰ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਲੁਧਿਆਣਾ, ਮੋਗਾ, ਮੁਹਾਲੀ, ਪਟਿਆਲਾ ਅਤੇ ਰੋਪੜ ਦੇ ਡਿਪਟੀ ਕਮਿਸ਼ਨਰ ਆਪੋ-ਆਪਣੇ ਜਿਲਿਆਂ ਵਿੱਚ ਬਣਾਏ ਸਭਾ ਦੇ ਯੂਨਿਟਾਂ ਦੇ ਚੇਅਰਮੈਨ ਹਨ। ਇਹਨਾ ਜਿਲਿਆਂ ਵਿੱਚ ਹੀ ਐਨ.ਆਰ.ਆਈ. ਪੁਲਿਸ ਸਟੇਸ਼ਨ ਅਤੇ ਐਨ.ਆਰ.ਆਈ. ਅਦਾਲਤਾਂ ਸਰਕਾਰ ਵਲੋਂ ਸਥਾਪਿਤ ਹਨ।

ਕਈ ਦਹਾਕੇ ਪਹਿਲਾਂ ਪੰਜਾਬ ਸਰਕਾਰ ਵਲੋਂ ਐਨ.ਆਰ.ਆਈ. ਸਭਾ ਜਲੰਧਰ ਦਾ ਗਠਨ ਕੀਤਾ ਗਿਆ ਸੀ। ਜਿਸ ਕੋਲ ਕੋਈ ਵੀ ਕਨੂੰਨੀ ਅਧਿਕਾਰ ਨਹੀਂ ਹੈ ਪਰ ਇਹ ਸਭਾ ਸਰਕਾਰ ਦੇ ਵੱਖੋ-ਵੱਖਰੇ ਮਹਿਕਮਿਆਂ ਨਾਲ ਸੰਪਰਕ ਕਰਕੇ ਐਨ.ਆਰ.ਆਈ. ਦੇ ਹਿੱਤਾਂ ਲਈ ਕੰਮ ਕਰਨ ਵਜੋਂ ਜਾਣੀ ਜਾਂਦੀ ਹੈ। ਪਰ ਬਹੁਤੇ ਸਰਕਾਰੀ ਦਖ਼ਲ ਕਾਰਨ ਇਹ ਸਭਾ ਸਿਆਸਤ ਦਾ ਅਖਾੜਾ ਬਣ ਗਈ। ਪਿਛਲੀ ਵੇਰ ਚੋਣ ਹੋਣ ਦੇ ਬਾਵਜੂਦ ਵੀ ਇਸਦੇ ਹੋਂਦ ਵਿਖਾਈ ਹੀ ਨਹੀਂ ਦਿੰਦੀ। ਪਿਛਲੀ ਵੇਰ ਕਿਪਾਲ ਸਿੰਘ ਸਹੋਤਾ ਅਮਰੀਕਾ ਪ੍ਰਧਾਨ ਚੁਣੇ ਗਏ, ਪਰ ਉਹਨਾ ਨੇ ਚੋਣ ਤੋਂ ਬਾਅਦ ਸਭਾ ਦੀਆਂ ਸਰਗਰਮੀਆਂ 'ਚ ਕੋਈ ਦਿਲਚਸਪੀ ਹੀ ਨਾ ਵਿਖਾਈ। ਇਹ ਚੋਣ 2020 ਵਿੱਚ ਹੋਈ ਸੀ।

ਇਸ ਸੰਸਥਾ ਨੇ ਹਜ਼ਾਰਾਂ ਪ੍ਰਵਾਸੀ ਪੰਜਾਬੀਆਂ ਤੋਂ ਮੈਂਬਰਸ਼ਿਪ ਦੇ ਨਾਮ 'ਤੇ ਚੰਦੇ ਉਗਰਾਹੇ, ਕਰੋੜਾਂ ਦੀ ਲਾਗਤ ਨਾਲ ਜਲੰਧਰ 'ਚ ਦਫ਼ਤਰ ਬਣਾਇਆ, ਪਰ ਹੁਣ ਇਸਦੀ ਹਾਲਤ ਚਾਰਾ ਖਾਣ ਵਾਲੇ ਹਾਥੀ ਦੀ ਹੈ, ਜੋ ਕਿਸੇ ਦਾ ਕੁਝ ਵੀ ਨਹੀਂ ਸੁਆਰਦਾ ਭਾਵੇਂ ਕਿ ਇਹ ਸੁਸਾਇਟੀ ਸੁਤੰਤਰ ਹੈ, ਪਰ ਹੁਣ ਸਰਕਾਰ ਦੇ ਗਲਬੇ ਹੇਠ ਹੈ, ਇਥੋਂ ਤੱਕ ਕਿ ਇਸਦਾ ਇਨਫਰਾਸਟ੍ਰਕਚਰ ਵੀ ਸੁਸਾਇਟੀ ਦੀ ਸੁਤੰਤਰ ਮਾਲਕੀ ਵਾਲਾ ਨਹੀਂ ਰਿਹਾ। ਸਟੇਟ ਐਨ.ਆਰ.ਆਈ. ਕਮਿਸ਼ਨਰ, ਜਲੰਧਰ ਡਿਵੀਜ਼ਨ ਇਸ ਸਭਾ ਦੇ ਕਮਿਸ਼ਨਰ ਹਨ।

ਅਕਾਲੀ-ਭਾਜਪਾ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਇਸ ਕਿਸਮ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੇ ਕਥਿਤ ਉਦੇਸ਼ ਅਧੀਨ ਹਰ ਵਰ੍ਹੇ ਪੰਜਾਬੀ ਪ੍ਰਵਾਸੀ ਕਾਨਫਰੰਸਾਂ ਲਗਭਗ ਬਾਰਾਂ ਵਰ੍ਹੇ ਕਰਵਾਈਆਂ ਜਾਂਦੀਆਂ ਰਹੀਆਂ। ਕੈਨੇਡਾ, ਅਮਰੀਕਾ, ਬਰਤਾਨੀਆਂ ਅਤੇ ਹੋਰ ਮੁਲਕਾਂ ਤੋਂ ਕੁਝ ਚੋਣਵੇਂ ਪ੍ਰਮੁੱਖ ਪੰਜਾਬੀ ਪ੍ਰਵਾਸੀ ਇਹਨਾ ਕਾਨਫਰੰਸਾਂ 'ਚ ਹਿੱਸਾ ਲੈਂਦੇ ਰਹੇ। ਹਰ ਵਰ੍ਹੇ ਲੱਖਾਂ ਰੁਪਏ ਖਰਚਣ ਤੋਂ ਬਾਅਦ ਵੀ ਪ੍ਰਵਾਸੀ ਪੰਜਾਬੀਆਂ ਦੇ ਪੱਲੇ ਇਸ ਕਰਕੇ ਇਹਨਾ ਕਾਨਫਰੰਸਾਂ ਤੋਂ ਕੁਝ ਨਾ ਪਿਆ ਕਿ ਗੱਲਾਂ-ਬਾਤਾਂ ਤੋਂ ਬਾਅਦ ਅਮਲੀ ਰੂਪ ਵਿੱਚ ਸਰਕਾਰ ਵੱਲੋਂ ਕੁਝ ਨਾ ਕੀਤਾ ਗਿਆ। ਐਨ.ਆਰ.ਆਈ. ਥਾਣਿਆਂ ਅਤੇ ਐਨ.ਆਰ.ਆਈ. ਅਦਾਲਤਾਂ ਦੀ ਕਾਰਗੁਜ਼ਾਰੀ ਕਦੇ ਵੀ ਸੰਤੋਖਜਨਕ ਨਹੀਂ ਰਹੀਂ ਕਿਉਂਕਿ ਇਸ ਸਰਕਾਰ ਦਾ ਮੰਤਵ ਤਾਂ ਅੰਦਰੋਂ ਪ੍ਰਵਾਸੀ ਪੰਜਾਬੀਆਂ ਦੇ ਉਹਨਾ ਦੇ ਪ੍ਰਭਾਵ ਵਾਲੀਆਂ ਵੋਟਾਂ ਪ੍ਰਾਪਤ ਕਰਨ ਦਾ ਪੱਤਾ ਖੇਡਣਾ ਸੀ।

ਪਰ ਜਦੋਂ ਪ੍ਰਵਾਸੀ ਪੰਜਾਬੀਆਂ ਦਾ ਵੱਡਾ ਹਿੱਸਾ ਪਹਿਲਾਂ ਮਨਪ੍ਰੀਤ ਸਿੰਘ ਬਾਦਲ ਵਲੋਂ 2012 'ਚ ਬਣਾਈ ਪੀਪਲਜ਼ ਪਾਰਟੀ ਆਫ ਪੰਜਾਬ ਦੇ ਹੱਕ ਵਿੱਚ ਨਿਤਰ ਪਿਆ ਅਤੇ ਬਾਅਦ ਵਿੱਚ ਆਮ ਆਦਮੀ ਪਾਰਟੀ ਨਾਲ ਲੋਕ ਸਭਾ ਚੋਣਾ ਵੇਲੇ ਖੜਾ ਦਿਸਿਆ ਤਾਂ ਅਕਾਲੀ-ਭਾਜਪਾ ਦੀ ਸਰਕਾਰ ਨੇ ਪੰਜਾਬੀ ਪ੍ਰਵਾਸੀਆਂ ਦਾ ਖਹਿੜਾ ਛੱਡ ਉਹਨਾ ਨੂੰ ਆਪਣੇ ਰਹਿਮੋ ਕਰਮ ਉਤੇ ਰਹਿਣ ਦੇਣ ਦਾ ਜਿਵੇਂ ਫੈਸਲਾ ਹੀ ਕਰ ਲਿਆ। ਪ੍ਰਵਾਸੀ ਪੰਜਾਬੀਆਂ ਦੀ ਡੇਢ ਦਹਾਕਾ ਪਹਿਲਾਂ ਤੋਂ ਚਲਦੀ ਸੰਸਥਾ ਐਨਆਰ ਆਈ ਸਭਾ ਦੀਆਂ ਸਰਗਰਮੀਆਂ ਠੱਪ ਕਰ ਦਿੱਤੀਆਂ, ਉਸਦੀ ਵਾਂਗ ਡੋਰ ਅਫ਼ਸਰਾਂ ਹੱਥ ਫੜਾ ਦਿੱਤੀ, ਕਿਉਂਕਿ ਉਹ ਸਿਆਸੀ ਲੋਕਾਂ ਦਾ ਅਖਾੜਾ ਬਣਦੀ ਨਜ਼ਰ ਆਉਣ ਲੱਗ ਪਈ ਸੀ।

ਉਂਜ ਸਭਾ ਦਾ ਉਦੇਸ਼ ਐਨ.ਆਰ.ਆਈ. ਵੀਰਾਂ ਦੇ ਹੱਕਾਂ ਦੀ ਰਾਖੀ ਕਰਨਾ ਸੀ। ਉਹਨਾ ਨੂੰ ਕੋਈ ਮੁਸ਼ਕਲ ਪੇਸ਼ ਨਾ ਹੋਵੇ, ਅਤੇ ਉਹਨਾ ਦੀ ਜਾਇਦਾਦ ਨੂੰ ਕੋਈ ਸੰਨ੍ਹ ਨਾ ਲਾਵੇ, ਇਹ ਵੇਖਣਾ ਵੀ ਉਹਨਾ ਦਾ ਮੰਤਵ ਨੀਅਤ ਸੀ। ਲੋੜ ਅਨੁਸਾਰ ਐਨ.ਆਰ.ਆਈਜ਼, ਦੀ ਮਦਦ ਕਰਨਾ ਵੀ ਮਿਥਿਆ ਗਿਆ ਸੀ।

ਪਿਛਲੇ ਪੰਜਾਹ ਵਰਿਆਂ ਦੌਰਾਨ ਹਜ਼ਾਰਾਂ ਪੰਜਾਬੀਆਂ ਚੰਗੇਰੇ ਭਵਿੱਖ ਲਈ ਆਪਣਾ ਘਰ-ਬਾਰ ਛੱਡਿਆ ਹੈ। ਭਾਵੇਂ ਕਿ ਪੰਜਾਬੀਆਂ ਦੇ ਪ੍ਰਵਾਸ ਦੀ ਕਹਾਣੀ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਸ਼ੁਰੂ ਹੁੰਦੀ ਹੈ ਪਰ ਅਸਲ ਵਿੱਚ 1960 ਤੋਂ ਬਾਅਦ ਜਿਆਦਾ ਪੰਜਾਬੀਆਂ ਨੇ ਪੰਜਾਬੋਂ ਤੋਰੇ ਪਾਏ, ਆਪਣੇ ਪਿਛੇ ਰਹੇ ਪ੍ਰੀਵਾਰਾਂ ਦੀਆਂ ਤੰਗੀਆਂ-ਤੁਰਸ਼ੀਆਂ ਦੂਰ ਕਰਨ ਲਈ ਸਿਰਤੋੜ ਯਤਨ ਕੀਤੇ। ਪੰਜਾਬ 'ਚ ਜ਼ਮੀਨਾਂ-ਜਾਇਦਾਦਾਂ ਦੀ ਸਾਂਭ-ਸੰਭਾਲ ਉਹਨਾ ਦੇ ਜੀਅ ਦਾ ਜੰਜਾਲ ਬਣ ਗਈ। ਪਿੱਛੇ ਰਹੇ ਕੁਝ ਰਿਸ਼ਤੇਦਾਰਾਂ, ਕੁਝ ਦੋਸਤਾਂ-ਮਿੱਤਰਾਂ, ਸੰਗੀਆਂ-ਸਾਥੀਆਂ ਉਹਨਾ ਨਾਲ ਠੱਗੀਆਂ-ਠੋਰੀਆਂ ਕੀਤੀਆਂ। ਜਾਅਲੀ ਮੁਖਤਾਰਨਾਮੇ ਤਿਆਰ ਕਰਕੇ, ਜਾਅਲੀ ਬੰਦੇ ਖੜੇ ਕਰਕੇ ਉਹਨਾ ਦੀਆਂ ਜ਼ਮੀਨਾਂ-ਜਾਇਦਾਦਾਂ ਹਥਿਆ ਲਈਆਂ ਜਾਂ ਹਥਿਆਉਣ ਦਾ ਯਤਨ ਕੀਤਾ। ਇਹਨਾ ਮਸਲਿਆਂ ਸਬੰਧੀ ਸੈਂਕੜੇ ਨਹੀਂ ਹਜ਼ਾਰਾਂ ਕੇਸ ਪੁਲਿਸ, ਅਦਾਲਤਾਂ ਕੋਲ ਇਨਸਾਫ ਦੀ ਉਡੀਕ ਵਿੱਚ ਵਰ੍ਹਿਆਂ ਤੋਂ ਪਏ ਹਨ। ਕਈ ਵੇਰ ਜਦੋਂ ਪ੍ਰਵਾਸੀ ਆਪਣੀਆਂ ਜਾਇਦਾਦਾਂ ਦੀ ਦੇਖ-ਭਾਲ, ਸੰਭਾਲ ਜਾਂ ਕੇਸਾਂ ਸਬੰਧੀ ਜਾਣਕਾਰੀ ਲਈ ਦੇਸ਼ ਪਰਤਦੇ ਹਨ ਤਾਂ ਭੂ-ਮਾਫੀਏ ਨਾਲ ਜੁੜੇ ਲੋਕ ਉਹਨਾ ਨੂੰ ਡਰਾਕੇ, ਧਮਕਾਕੇ, ਉਹਨਾ ਨਾਲ ਜ਼ਮੀਨੀ ਸੌਦੇ ਕਰਦੇ ਹਨ।

ਕਾਨੂੰਨ ਤੋਂ ਉਲਟ ਜਾਕੇ, ਪ੍ਰਵਾਸੀਆਂ ਨੂੰ ਬਿਨਾਂ ਦੱਸੇ ਉਹਨਾ ਤੋਂ ਅਸ਼ਟਾਮਾਂ ਜਾਂ ਹੋਰ ਕਾਗਜ਼ਾਂ ਉਤੇ ਦਸਤਖ਼ਤ ਕਰਵਾਕੇ ਸਰਕਾਰੀ ਮਿਲੀ ਭੁਗਤ ਨਾਲ ਉਹਨਾ ਦੀ ਕਰੋੜਾਂ ਜਾਇਦਾਦ ਕੌਡੀਆਂ ਦੇ ਭਾਅ ਲੁੱਟ ਲੈਂਦੇ ਹਨ। ਅਤੇ ਵਿਰੋਧ ਕਰਨ ਤੇ ਉਹਨਾ ਖਿਲਾਫ਼ ਕਿਧਰੇ ਫੌਜਦਾਰੀ, ਕਿਧਰੇ ਅਪਰਾਧਿਕ ਮਾਮਲਿਆਂ ਦਾ ਅਤੇ ਕਿਧਰੇ ਗੈਰ-ਕਾਨੂੰਨੀ ਢੰਗ ਨਾਲ ਜਾਇਦਾਦ ਦੀ ਵੇਚ-ਵੱਟਤ ਦਾ ਕੇਸ ਦਰਜ ਕਰਵਾ ਦਿੰਦੇ ਹਨ ਤਾਂ ਕਿ ਉਹ ਪੰਜਾਬ ਪਰਤਣ ਜੋਗੇ ਹੀ ਨਾ ਰਹਿਣ। ਇੱਕ ਨਹੀਂ ਅਨੇਕਾਂ ਉਦਾਹਰਨਾਂ ਇਸ ਕਿਸਮ ਦੇ ਮਾਮਲਿਆਂ ਦੀਆਂ ਸਮੇਂ ਸਮੇਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ।

ਇਸ ਵੇਲੇ ਦੇਸ਼ ਦੇ ਬਾਕੀ ਹਿੱਸਿਆਂ ਨਾਲੋਂ ਵੱਧ ਪੰਜਾਬ ਦੇ ਲੋਕ ਪ੍ਰਵਾਸ ਦੇ ਰਾਹ ਪਏ ਹੋਏ ਹਨ। ਪੰਜਾਬੀ ਵਿਦਿਆਰਥੀ ਧੜਾ ਧੜ ਪੜ੍ਹਾਈ ਕਰਨ ਅਤੇ ਉਥੇ ਪੱਕੀ ਰਿਹਾਇਸ਼ ਕਰਨ ਲਈ ਤਤਪਰ ਹਨ ਅਤੇ ਨਿੱਤ ਪੰਜਾਬ ਛੱਡ ਰਹੇ ਹਨ। ਵਿਦੇਸ਼ ਰਹਿੰਦੇ ਪੁੱਤਰ ਧੀਆਂ, ਆਪਣੇ ਮਾਪਿਆਂ, ਰਿਸ਼ਤੇਦਾਰਾਂ ਨੂੰ ਪੰਜਾਬ ਵਿਚੋਂ ਬਾਹਰ ਲੈ ਜਾਣ ਲਈ ਤਰਲੋ-ਮੱਛੀ ਹੋਏ ਪਏ ਹਨ ਕਿਉਂਕਿ ਉਹਨਾ ਨੂੰ ਪੰਜਾਬ ਆਪਣਿਆਂ ਲਈ ਸੁਰੱਖਿਅਤ ਨਹੀਂ ਦਿਸਦਾ।

ਪਰ ਇਸ ਸਭ ਕੁਝ ਦੇ ਬਾਵਜੂਦ ਉਹ ਆਪਣੀ ਜਨਮ ਭੂਮੀ, ਪੰਜਾਬ ਦੀ ਨਸ਼ਿਆਂ, ਬੇਰੁਜ਼ਗਾਰੀ, ਹਫਰਾ-ਤਫੜੀ ਨਾਲ ਮਾਰੀ, ਨਸ਼ਾ-ਭੂ ਮਾਫੀਆ, ਅਫ਼ਸਰਸ਼ਾਹੀ ਅਤੇ ਸਿਆਸੀ ਲੋਕਾਂ ਦੀ ਤਿਕੜੀ ਦੀ ਜਕੜ 'ਚ ਆਈ ਪੰਜਾਬ ਦੀ ਧਰਤੀ ਉਤੇ ਪੈਰ ਰੱਖਣੋਂ ਆਕੀ ਹਨ।

ਦੇਸ਼ ਦੀ ਕੇਂਦਰੀ ਸਰਕਾਰ ਕਹਿਣ ਨੂੰ ਤਾਂ ਉਹਨਾ ਲਈ ਅੰਮ੍ਰਿਤਸਰ, ਚੰਡੀਗੜ 'ਚ ਅੰਤਰਰਾਸ਼ਟਰੀ ਹਵਾਈ ਅੱਡੇ ਬਨਾਉਣ ਦਾ ਦਮ ਭਰਦੀ ਹੈ, ਪਰ ਇਹਨਾ ਹਵਾਈ ਅੱਡਿਆਂ ਉਤੋਂ ਅੰਤਰਰਾਸ਼ਟਰੀ ਉਡਾਣਾ ਭਰਨ ਦੀ ਆਗਿਆ ਨਹੀਂ ਦਿੰਦੀ ਅਤੇ ਉਹਨਾ ਨੂੰ ਆਪਣੇ ਪਿੰਡ, ਆਪਣੇ ਸ਼ਹਿਰ ਪੁੱਜਣ ਲਈ 24 ਘੱਟੇ ਤੋਂ 36 ਤੱਕ ਬੇ-ਘਰੇ ਹੋ ਕੇ, ਪਹਿਲਾਂ ਹਵਾ 'ਚ ਫਿਰ ਦਿੱਲੀ ਤੋਂ ਘਰ ਵਾਲੀਆਂ ਆਉਂਦੀਆਂ ਘਟੀਆ ਸੜਕਾਂ ਤੇ ਹੀ ਨਹੀਂ ਲਟਕਣਾ ਪੈਂਦਾ, ਸਗੋਂ ਦਿੱਲੀ ਹਵਾਈ ਅੱਡੇ ਉਤੇ ਕੁਰਖੱਤ ਬੋਲਾਂ, ਸ਼ੱਕੀ ਨਜ਼ਰਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ।




ਪ੍ਰਵਾਸੀ ਪੰਜਾਬੀਆਂ ਦੇ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਜਜ਼ਬਾਤੀ ਮਸਲਿਆਂ ਨੂੰ ਸਮਝਣ ਅਤੇ ਉਹਨਾ ਦੀਆਂ ਸਮੱਸਿਆਵਾਂ ਦਾ ਤੋੜ ਹਾਲੀ ਤੱਕ ਨਾ ਤਾਂ ਕਿਸੇ ਸਰਕਾਰ ਨੂੰ ਮਿਲ ਸਕਿਆ ਹੈ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਜਾਂ ਧਿਰ ਨੇ ਉਹਨਾ ਦੇ ਅੰਦਰੂਨੀ ਭਾਵਾਂ ਨੂੰ ਸਮਝਣ ਦਾ ਯਤਨ ਕੀਤਾ ਹੈ। ਬਾਹਰ ਬੈਠੇ ਪ੍ਰਵਾਸੀ ਪੰਜਾਬੀਆਂ ਦੇ ਮਨਾਂ 'ਚ ਪੰਜਾਬ ਬਾਰੇ ਨਿਰਾਸ਼ਤਾ ਹੈ। ਉਹ ਟੁੱਟ ਰਹੇ ਪੰਜਾਬ ਨੂੰ ਉਵੇਂ ਵੇਖ ਰਹੇ ਹਨ, ਜਿਵੇਂ ਉਹਨਾ ਦਾ ਆਪਣਾ ਜੱਦੀ ਘਰ ਢਹਿ ਢੇਰੀ ਹੋ ਰਿਹਾ ਹੋਵੇ। ਉਹਨਾ ਦੇ ਮਨਾਂ 'ਚ ਇਸ ਦੀ ਮੁੜ ਉਸਾਰੀ ਦੀ ਤਾਂਘ ਹੈ। ਜੇਕਰ ਮੌਜੂਦਾ ਪੰਜਾਬ ਦੀ 'ਆਪ' ਸਰਕਾਰ ਕੁਝ ਇਹੋ ਜਿਹੇ ਉਪਰਾਲੇ ਕਰੇ ਜਿਸ ਨਾਲ ਉਹਨਾ ਦੇ ਉਚੜੇ ਜਖਮਾਂ ਉਤੇ ਮਲਮ ਲੱਗ ਸਕੇ ਤਾਂ ਪ੍ਰਵਾਸੀ ਪੰਜਾਬੀ ਕੁਝ ਰਾਹਤ ਮਹਿਸੂਸ ਕਰ ਸਕਦੇ ਹਨ।

ਪ੍ਰਵਾਸੀ ਪੰਜਾਬੀਆਂ ਦੀ ਜ਼ਮੀਨ ਜਾਇਦਾਦ ਦੀ ਸੰਭਾਲ ਅਤੇ ਰਾਖੀ ਲਈ ਸਖ਼ਤ ਕਾਨੂੰਨ ਬਨਣਾ ਚਾਹੀਦਾ ਹੈ, ਜਿਸ ਬਾਰੇ ਮੌਜੂਦਾ ਸਰਕਾਰ ਨੇ ਐਲਾਨ ਵੀ ਕੀਤਾ ਹੋਇਆ ਹੈ। ਉਹਨਾ ਸਾਰੇ ਕੇਸਾਂ, ਜਿਹਨਾਂ ਵਿੱਚ ਪ੍ਰਵਾਸੀ ਪੰਜਾਬੀਆਂ ਦੀਆਂ ਜਾਅਲੀ ਵਸੀਅਤਾਂ, ਮੁਖਤਾਰਨਾਮਿਆਂ ਕਾਰਨ ਉਹਨਾ ਨਾਲ ਜਾਅਲਸਾਜੀ ਕੀਤੀ ਗਈ ਹੈ, ਸਬੰਧੀ ਜਸਟਿਸ ਮਹਿਤਾਬ ਸਿੰਘ ਗਿੱਲ ਕਮਿਸ਼ਨ ਵਰਗਾ ਇੱਕ ਕਮਿਸ਼ਨ ਬਨਣਾ ਚਾਹੀਦਾ ਹੈ, ਜੋ ਇਹਨਾ ਕੇਸਾਂ ਦੀ ਘੋਖ ਪੜਤਾਲ ਕਰੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਸੁਣਾਵੇ। ਇਸੇ ਤਰਾਂ ਕਮਿਸ਼ਨ ਵਲੋਂ ਉਹਨਾ ਸਾਰੇ ਆਨ.ਆਰ.ਆਈ. ਕੇਸਾਂ ਦੀ ਜਾਂਚ ਸੌਂਪੀ ਜਾਣੀ ਚਾਹੀਦੀ ਹੈ, ਜਿਹਨਾ 'ਚ ਐਨ.ਆਰ.ਆਈ. ਉਤੇ ਕਥਿਤ ਤੌਰ 'ਤੇ ਅਪਰਾਧਿਕ ਜਾਂ ਜ਼ਮੀਨਾਂ ਨਾਲ ਸਬੰਧਤ ਝੂਠੇ ਪਰਚੇ ਦਰਜ਼ ਕੀਤੇ ਗਏ ਹਨ।

ਇਸਦੇ ਨਾਲ-ਨਾਲ ਪ੍ਰਵਾਸੀ ਪੰਜਾਬੀਆਂ ਅਤੇ ਉਹਨਾ ਦੀ ਔਲਾਦ ਨੂੰ ਪੰਜਾਬ ਨਾਲ ਜੋੜੀ ਰੱਖਣਾ ਪੰਜਾਬ ਦੇ ਹਿੱਤ ਵਿੱਚ ਹੈ। ਜਿਥੇ ਪ੍ਰਵਾਸੀਆਂ ਦੀਆਂ ਸਮੱਸਿਆਵਾਂ ਹੱਲ ਕਰਨਾ ਸਮੇਂ ਦੀ ਲੋੜ ਹੈ, ਉਥੇ ਸਧਾਰਨ ਪ੍ਰਵਾਸੀ ਪੰਜਾਬੀਆਂ ਅਤੇ ਉਹਨਾ ਦੇ ਬੱਚਿਆਂ ਨੂੰ ਪੰਜਾਬ ਨਾਲ ਜੋੜੀ ਰੱਖਣ ਲਈ ਵੀ ਉਪਰਾਲੇ ਜ਼ਰੂਰੀ ਹਨ।

ਚਾਹੀਦਾ ਤਾਂ ਇਹ ਹੈ ਕਿ ਪ੍ਰਵਾਸੀ ਪੰਜਾਬੀਆਂ ਦੇ ਚਿਰਾਂ ਤੋਂ ਵਿਦੇਸ਼ਾਂ 'ਚ ਰਹਿ ਰਹੇ ਬੱਚਿਆਂ ਦੇ ਪੰਜਾਬ ਆਉਣ ਜਾਣ ਦਾ ਸਰਕਾਰੀ ਤੌਰ 'ਤੇ ਪ੍ਰਬੰਧ ਹੋਵੇ। ਪੰਜਾਬ ਅਤੇ ਉਹਨਾ ਦੇਸ਼ਾਂ 'ਚ ਜਿਥੇ ਪੰਜਾਬੀਆਂ ਦੀ ਜਿਆਦਾ ਵਸੋਂ ਹੈ ਉਥੇ ਉਹਨਾ ਦੇ ਮਸਲਿਆਂ, ਮੁਸ਼ਕਲਾਂ ਨੂੰ ਸਮਝਣ ਵਾਲੇ ਸਟੱਡੀ ਸੈਂਟਰਾਂ ਦੀ ਸਥਾਪਨਾ ਹੋਵੇ ਅਤੇ ਉਹਨਾ ਵਿੱਚ ਪੰਜਾਬ ਦੇ ਇਤਹਾਸਕ ਪਿਛੋਕੜ ਅਤੇ ਪ੍ਰਾਪਤੀਆਂ ਸਬੰਧੀ ਭਰਪੂਰ ਜਾਣਕਾਰੀ ਵੀ ਉਪਲਬੱਧ ਕੀਤੀ ਜਾਵੇ।

ਕਿੰਨਾ ਚੰਗਾ ਹੋਵੇ ਜੇਕਰ ਪ੍ਰਵਾਸੀਆਂ ਲਈ ਹਵਾਈ ਅੱਡਿਆਂ ਉਤੇ ਸਰਕਾਰ ਸਵਾਗਤੀ ਕੇਂਦਰ ਸਥਾਪਤ ਕਰੇ ਤਾਂ ਕਿ ਪ੍ਰਵਾਸੀ ਘਰ ਪਰਤਣ 'ਤੇ ਅਪਣੱਤ ਅਤੇ ਮਾਣ ਮਹਿਸੂਸ ਕਰ ਸਕਣ।

ਇਹ ਕੰਮ ਐਨ.ਆਰ.ਆਈ. ਸਭਾ ਨੂੰ ਸਰਗਰਮ ਕਰਕੇ ਕੀਤਾ ਜਾ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਕੋਈ ਇਹੋ ਜਿਹਾ ਐਨ.ਆਰ.ਆਈ. ਹੀ ਐਨ.ਆਰ.ਆਈ. ਸਭਾ ਦਾ ਪ੍ਰਧਾਨ ਬਣਾਇਆ ਜਾਵੇ ਜੋ ਆਪ ਐਨ.ਆਰ.ਆਈ. ਦੀਆਂ ਸਮੱਸਿਆਵਾਂ ਪ੍ਰਤੀ ਜਾਣੂ ਹੋਵੇ। ਉਹ ਉਹਨਾ ਵਿੱਚ ਚੰਗਾ ਰਸੂਖ ਰੱਖਦਾ ਹੋਵੇ। ਸਿਆਸੀ ਤੌਰ 'ਤੇ ਇਸ ਸਭਾ ਦਾ ਕਿਸੇ ਵੱਡੇ ਨੂੰ ਪ੍ਰਧਾਨ ਥਾਪਣਾ ਗਲਤ ਹੋਵੇਗਾ।

ਸਭਾ ਦੀ ਪ੍ਰਧਾਨਗੀ ਲਈ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਨਰਪਾਲ ਸਿੰਘ ਸ਼ੇਰਗਿੱਲ, ਮੋਤਾ ਸਿੰਘ ਸਰਾਏ ਯੂ.ਕੇ., ਸੁੱਖੀ ਬਾਠ ਪੰਜਾਬ ਭਵਨ ਸਰੀ (ਕੈਨੇਡਾ) ਦੇ ਨਾਮ ਸੁਝਾਏ ਜਾ ਸਕਦੇ ਹਨ, ਜਿਹਨਾ ਨੇ ਐਨ.ਆਰ.ਆਈਜ਼. ਲਈ ਜ਼ਮੀਨੀ ਪੱਧਰ 'ਤੇ ਵੱਡਾ ਕੰਮ ਕੀਤਾ ਹੈ।

# ਕੈਨੇਡਾ ਪੈਂਸ਼ਨ ਪਲੈਨ ਵਿੱਚੋਂ ਐਲਬਰਟਾ ਨੂੰ ਬਾਹਰ ਕੱਢਣ ਦਾ ਮਾਮਲਾ ਸੂਬਾ ਵਾਸੀਆਂ ਤੋਂ ਲੁਕਣ ਲੱਗੀ ਯੂ.ਸੀ.ਪੀ. ਸਰਕਾਰ




ਲੰਘੇ ਮਈ ਮਹੀਨੇ ਵਿੱਚ ਹੋਈਆਂ ਐਲਬਰਟਾ ਵਿਧਾਨ-ਸਭਾ ਚੋਣਾਂ ਮੌਕੇ ਸੂਬਾ ਪ੍ਰੀਮੀਅਰ ਡੈਨਿਐਲ ਸਮਿਥ ਨੇ ਆਰ.ਸੀ.ਐਮ.ਪੀ. ਨੂੰ ਫਾਰਗ ਕਰਕੇ ਸੂਬਾਈ ਪੁਲਿਸ ਲਿਆਉਣ ਅਤੇ ਕੈਨੇਡਾ ਪੈਂਸ਼ਨ ਪਲੈਨ ਵਿਚੋਂ ਐਲਬਰਟਾ ਨੂੰ ਬਾਹਰ ਕੱਢ ਕੇ ਵੱਖਰਾ ਐਲਬਰਟਾ ਪੈਂਸ਼ਨ ਪਲੈਨ ਲਿਆਉਣ ਦੀਆਂ ਆਪਣੀਆਂ ਦੋ ਵੱਡੀਆਂ ਯੋਜਨਾਵਾਂ ਨੂੰ ਪਰਦੇ ਪਿੱਛੇ ਕਰ ਦਿੱਤਾ ਤਾਂ ਕਿ ਉਸ ਬਾਰੇ ਕੋਈ ਵੀ ਗੱਲ ਚੋਣਾਂ ਵਿੱਚ ਨਾ ਕਰੇ ਤੇ ਚੋਣਾਂ ਵਿੱਚ ਉਹਨਾਂ ਦੀ ਪਾਰਟੀ ਨੂੰ ਰਾਜਨੀਤਕ ਨੁਕਸਾਨ ਨਾ ਹੋਵੇ। ਜਦੋਂ ਇਹ ਦੋਵੇਂ ਵੱਡੇ ਮੁੱਦੇ ਹੀ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ (ਯੂ.ਸੀ.ਪੀ.) ਨੇ ਚੋਣ ਮੈਨਿਫੈਸਟੋ ਜਾਂ ਇਲੈਕਸ਼ਨ ਪਲੈਟਫੌਰਮ ਵਿਚੋਂ ਬਾਹਰ ਕੱਢ ਦਿੱਤੇ ਤਾਂ ਇਸ ਦਾ ਸਿੱਧਾ-ਸਿੱਧਾ ਮਤਲਬ ਇਹੀ ਸੀ ਕਿ ਸਰਕਾਰ ਇਹਨਾਂ ਬਾਰੇ ਕੋਈ ਗੱਲ ਨਹੀਂ ਕਰਨਾ ਚਾਹੁੰਦੀ। ਪਰ ਚੋਣਾਂ ਖ਼ਤਮ ਹੁੰਦਿਆਂ ਸਾਰ ਹੀ ਸਰਕਾਰ ਨੇ ਇਹ ਦੋਵੇਂ ਮੁੱਦੇ ਮੁੜ ਚੁੱਕ ਲਏ ਇਹਨਾਂ ਨੂੰ ਲੈ ਕੇ ਸੰਜੀਦਗੀ ਵਿਖਾਉਣੀ ਸ਼ੁਰੂ ਕਰ ਦਿੱਤੀ ਹੈ। ਸੁਆਲ ਤਾਂ ਇਹ ਹੈ ਕਿ ਜੇ ਸਰਕਾਰ ਇਹਨਾਂ ਮੁੱਦਿਆਂ ਨੂੰ ਚੁੱਕਣਾ ਹੀ ਚਾਹੁੰਦੀ ਸੀ ਤਾਂ ਪਹਿਲਾਂ ਇਹ ਮੁੱਦੇ ਲੁਕੋਏ ਕਿਉਂ ? ਸੂਬੇ ਦੀਆਂ ਬਹੁਤੀਆਂ ਮਿਉਨਿਸਿਪੈਲਟੀਆਂ ਆਰ.ਸੀ.ਐਮ.ਪੀ. ਰੱਖਣੀਆਂ ਚਾਹੁੰਦੀਆਂ ਹਨ ਤੇ ਬਹੁਤੇ ਸੂਬਾ ਵਾਸੀ ਕੈਨੇਡਾ ਪੈਂਸ਼ਨ ਪਲੈਨ ਨੂੰ ਹੀ ਰੱਖਣਾ ਚਾਹੁੰਦੇ ਹਨ। ਯੂ.ਸੀ.ਪੀ. ਸਰਕਾਰ ਨੂੰ ਇਸ ਗੱਲ ਦਾ ਪਤਾ ਸੀ ਤੇ ਜੇ ਉਹੇ ਫਿਰ ਵੀ ਇਹਨਾਂ ਮੁੱਦਿਆਂ ਨੂੰ ਲੈ ਕੇ ਚੋਣਾਂ ਵਿੱਚ ਉੱਤਰਦੀ ਤਾਂ ਉਸ ਨੂੰ ਹਾਰ ਜਾਣ ਦਾ ਖ਼ਦਸ਼ਾ ਸਪਸ਼ਟ ਸੀ ਤੇ ਉਸ ਨੇ ਮੁੱਦੇ ਲੁਕੋ ਦਿੱਤੇ।

ਮੁੜ ਸਰਕਾਰ ਬਣਾਉਣ ਮਗਰੋਂ ਪ੍ਰੀਮੀਅਰ ਡੈਨਿਐਲ ਸਮਿਥ ਨੇ ਇਹ ਦੋਵੇਂ ਮਾਮਲੇ ਫਿਰ ਤੋਂ ਚੁੱਕ ਲਏ ਹਨ। ਕੈਨੇਡਾ ਪੈਂਸ਼ਨ ਪਲੈਨ - ਸੀ.ਪੀ.ਪੀ. ਵਿੱਚੋਂ ਬਾਹਰ ਕੱਢ ਕੇ ਸੂਬੇ ਦੇ ਐਲਬਰਟਾ ਪੈਂਸ਼ਨ ਪਲੈਨ - ਏ.ਪੀ.ਪੀ. ਨੂੰ ਲਿਆਉਣ ਦੀ ਕਸਰਤ ਸ਼ੁਰੂ ਕਰ ਦਿੱਤੀ ਗਈ ਹੈ। ਵਿਰੋਧੀ ਧਿਰ ਨਿਉ ਡੈਮੋਕ੍ਰੈਟਿਕ ਪਾਰਟੀ - ਐਨ.ਡੀ.ਪੀ. ਦਾ ਕਹਿਣਾ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਲੋਕਾਂ ਦਾ ਸਾਹਮਣਾ ਕਰੇ ਤੇ ਵਿਧਾਇਕ ਲੋਕਾਂ ਵਿੱਚ ਬੈਠ ਕੇ ਇਸ ਬਾਰੇ ਉਹਨਾਂ ਦੀ ਰਾਇ ਇੱਕਠਾ ਕਰਨ। ਪਰ ਸਰਕਾਰ ਇਸ ਤੋਂ ਟਾਲਾ ਵੱਟ ਰਹੀ ਹੈ ਤੇ ਚਾਹੁੰਦੀ ਹੈ ਕਿ ਲੋਕ ਟੈਲਿਫੋਨ 'ਤੇ ਹੀ ਆਪਣੀ ਰਾਇ ਦੇਣ। ਖੁਦ ਐਨ.ਡੀ.ਪੀ. ਅਜਿਹਾ ਹੀ ਕਰਨ ਲੱਗੀ ਹੈ ਤੇ ਉਹਨਾਂ ਦੇ ਸਾਰੇ ਵਿਧਾਇਕ ਲੋਕਾਂ ਨੂੰ ਮਿਲ ਕੇ ਇਸ ਬਾਰੇ ਉਹਨਾਂ ਦੀ ਰਾਇ ਹਾਸਲ ਕਰਨਗੇ। ਪਰ ਯੂ.ਸੀ.ਪੀ. ਸਰਕਾਰ ਮੁਖੀ, ਪ੍ਰੀਮੀਅਰ ਡੈਨਿਐਲ ਸਮਿਥ ਦਾ ਕਹਿਣਾ ਹੈ ਕਿ ਲੋਕ ਰਾਇ ਹਾਸਲ ਕਰਨ ਲਈ ਟੈਲਿਫੋਨ ਸਭ ਤੋਂ ਵਧੀਆ ਸਾਧਨ ਹੈ। ਉਹਨਾਂ ਦਾ ਕਹਿਣਾ ਹੈ ਕਿ ਲੋਕ 'ਬੇਚਾਰੇ' ਗੱਡੀਆਂ ਚਲਾ ਕੇ ਵਿਧਾਇਕਾਂ ਕੋਲ ਆਪਣੀ ਰਾਇ ਦੇਣ ਲਈ ਆਉਣਗੇ, ਔਖੇ ਹੋਣਗੇ, ਕੰਮ ਤੋਂ ਛੁੱਟੀ ਕਰਨਗੇ - ਇਸ ਤੋਂ ਚੰਗਾ ਹੈ ਕਿ ਟੈਲਿਫੋਨ 'ਤੇ ਹੀ ਆਪਣਾ ਵਿਚਾਰ ਦੇ ਦੇਣ।




ਅੱਗੋਂ ਸਵਾਲ ਵੀ ਅਜੀਬੋ-ਗ਼ਰੀਬ ਪੁਛਿਆ ਜਾ ਰਿਹਾ ਹੈ। ਸਰਕਾਰ ਪੁੱਛ ਰਹੀ ਹੈ ਕਿ ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਵਧੀਆ ਪੈਂਸ਼ਨ ਅਤੇ ਦੂਜੇ ਬੈਨੇਫਿਟ ਮਿਲਣ ? ਇਸ ਦਾ ਇਕੋ ਇਕ ਜਵਾਬ ਹੈ - ਹਾਂ ! ਕੌਣ ਨਹੀਂ ਚਾਹੁੰਦਾ ਕਿ ਉਸ ਨੂੰ ਚੰਗੇਰੇ ਬੈਨੇਫਿਟ ਮਿਲਣ ? ਪਰ ਉਹ ਕਿਵੇਂ ਮਿਲਣਗੇ, ਇਸ ਬਾਰੇ ਸਰਕਾਰ ਚੁੱਪ ਹੈ। ਦੂਜੇ ਪਾਸੇ ਐਨ.ਡੀ.ਪੀ. ਪੁੱਛ ਰਹੀ ਹੈ ਕਿ ਕਿ ਤੁਸੀਂ ਕੈਨੇਡਾ ਪੈਂਸ਼ਨ ਪਲੈਨ ਦੀ ਥਾਂ ਐਲਬਰਟਾ ਪੈਂਸ਼ਨ ਪਲੈਨ ਚਾਹੁੰਦੇ ਹੋ ? ਇਹ ਸਵਾਲ ਸਿੱਧਾ ਹੈ ਲੋਕ ਇਸ ਦਾ ਜਵਾਬ ਹਾਂ ਜਾਂ ਨਾ ਵਿੱਚ ਦੇ ਸਕਦੇ ਹਨ। ਸਰਕਾਰੀ ਸਵਾਲ ਵਿੱਚ ਨਾ ਦੀ ਗੁੰਜ਼ਾਇਸ਼ ਹੀ ਨਹੀਂ ਹੈ।

ਇਕ ਗੱਲ ਹੋਰ, ਸਰਕਾਰ ਜਿਹੜੇ ਅੰਕੜੇ ਵਿਖਾ ਰਹੀ ਹੈ ਉਹ ਸਚਾਈ ਤੋਂ ਕੋਹਾਂ ਦੂਰ ਹਨ। ਪ੍ਰੀਮੀਅਰ ਡੈਨਿਐਲ ਸਮਿਥ ਦਾ ਕਹਿਣਾ ਹੈ ਕਿ ਜੇ ਸੂਬਾ ਸੀ.ਪੀ.ਪੀ. ਵਿੱਚੋਂ ਬਾਹਰ ਆਉਂਦਾ ਹੈ ਤਾਂ ਉਸ ਕੋਲ 53% ਅਸਾਸੇ (ਰਿਜ਼ੋਰਸਿਜ਼) ਆ ਜਾਣਗੇ। ਮਾਹਿਰਾਂ ਦਾ ਸਵਾਲ ਹੈ ਕਿ 9 ਸੂਬਿਆਂ ਦੇ ਪੈਂਸ਼ਨ ਪਲੈਨ ਵਿਚੋਂ ਇਕੋ ਸੂਬਾ ਕਿਸ ਤਰ੍ਹਾਂ 53% ਹਿੱਸਾ ਪ੍ਰਾਪਤ ਕਰ ਸਕਦਾ ਹੈ ਜਦੋਂ ਕਿ ਉਸ ਦੀ ਕੰਟ੍ਰੀਬਿਉਸ਼ਨ ਸਿਰਫ਼ 16% ਹੋਵੇ ? ਸਰਕਾਰ ਦੀ ਨੀਅਤ ਜਿਸ ਮਰਜ਼ੀ ਤਰ੍ਹਾਂ ਦੀ ਹੋਵੇ, ਲੋਕਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਜਾਣੇ ਚਾਹੀਦੇ ਹਨ। ਜੇ ਕੋਈ ਵਿਅਕਤੀ ਐਲਬਰਟਾ ਵਿੱਚ ਆਉਣ ਤੋਂ ਪਹਿਲਾਂ ਕਿਸੇ ਹੋਰ ਸੂਬੇ ਵਿੱਚ ਨੌਕਰੀ ਕਰਦਾ ਰਿਹਾ ਹੈ ਤੇ ਉਸ ਦੀ ਕੈਨੇਡਾ ਪੈਂਸ਼ਨ ਪਲੈਨ ਵਿੱਚ ਕੰਟ੍ਰੀਬਿਊਸ਼ਨ ਹੈ ਅਤੇ ਉਹ ਐਲਬਰਟਾ ਵਿੱਚ ਨੌਕਰੀ ਕਰਨ ਲਈ ਆਉਂਦਾ ਹੈ ਤਾਂ ਉਸ ਦੀ ਸੀ.ਪੀ.ਪੀ. ਕੰਟ੍ਰੀਬਿਉਸ਼ਨ ਦਾ ਕੀ ਬਣੇਗਾ ? ਇਸੇ ਤਰ੍ਹਾਂ ਜੇ ਕੋਈ ਵਿਅਕਤੀ ਐਲਬਰਟਾ ਵਿੱਚ ਨੌਕਰੀ ਕਰਨ ਉਪਰੰਤ ਕਿਸੇ ਹੋਰ ਸੂਬੇ ਵਿੱਚ ਜਾ ਕੇ ਰਹਿਣ ਲੱਗਦਾ ਹੈ ਤਾਂ ਉਸ ਦੀ ਐਲਬਰਟਾ ਪੈਂਸ਼ਨ ਦਾ ਕੀ ਬਣੇਗਾ ? ਸਰਕਾਰ ਦੀ ਗਾਰੰਟੀ ਕੀ ਹੈ ਉਹ ਲੋਕਾਂ ਕੋਲੋਂ ਘੱਟ ਰਕਮ ਲੈ ਕੇ ਵੱਧ ਪੈਂਸ਼ਨ ਦੇਵੇਗੀ ? ਕੀ ਗਾਰੰਟੀ ਹੈ ਕਿ ਸੀ.ਪੀ.ਪੀ. ਵਿਚੋਂ ਐਲਬਰਟਾ ਨੂੰ 53% ਅਸਾਸੇ ਮਿਲ ਜਾਣਗੇ ਤੇ ਬਾਕੀ ਸੂਬੇ ਅਜਿਹਾ ਨਹੀਂ ਕਰਨਗੇ ? ਜੇ ਇਹੀ ਫਾਰਮੂਲਾ ਓਂਟੈਰੀਓ ਲਾਗੂ ਕਰੇ ਤਾਂ ਉਸ ਨੂੰ 63% ਅਸਾਸੇ ਮਿਲਣਗੇ ਤੇ ਇਹ ਕਿਵੇਂ ਸੰਭਵ ਹੈ ਕਿ ਇਕ ਸੂਬਾ 53% ਤੇ ਦੂਜਾ ਸੂਬਾ 63% ਅਸਾਸੇ ਹਾਸਲ ਕਰ ਲਵੇ ?

ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਸਵਾਲਾਂ ਦੇ ਜਵਾਬ ਸਿੱਧੇ ਸਿੱਧੇ ਦੇਵੇ ਤੇ ਸੀਪੀਪੀ ਵਿੱਚੋਂ ਬਾਹਰ ਆ ਕੇ ਏਪੀਪੀ ਬਣਾਉਣ ਬਾਰੇ ਸਿੱਧਾ ਸਵਾਲ ਪੁੱਛੇ !

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
780-258-5800
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਅਲਵਿਦਾ ! ਪੰਜਾਬੀਅਤ ਦੇ ਮੁਦਈ ਵਿਕਾਸ ਪੁਰਸ਼ ਡਾ ਮਨੋਹਰ ਸਿੰਘ ਗਿੱਲ

**ਵਿਭਾਗ ਦਾ ਵਿਆਪਕ ਢਾਂਚਾ ਵਿਕਸਤ ਕੀਤਾ। ਪੰਜਾਬ ਦੇ ਸਹਿਕਾਰਤਾ ਖੇਤਰ ਵਿੱਚ ਡਾ.ਮਨੋਹਰ ਸਿੰਘ ਗਿੱਲ ਦੇ ਯੋਗਦਾਨ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਕੌਮੀ ਸਹਿਕਾਰਤਾ ਵਿਕਾਸ ਨਿਗਮ ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ। ਫਿਰ ਉਨ੍ਹਾਂ ਦੇ ਕੰਮ ਦੀ ਕਾਰਜਕੁਸ਼ਲਤਾ ਨੂੰ ਵੇਖਦੇ ਹੋਏ ਵਿਸ਼ਵ ਬੈਂਕ ਨਾਈਜੇਰੀਆ ਦੇ ਸਕੇਟੋ ਖੇਤੀਬਾੜੀ ਵਿਕਾਸ ਯੋਜਨਾ ਦਾ ਮੈਨੇਜਰ ਲਗਾਇਆ ਗਿਆ। ਇਸ ਪ੍ਰੋਗਰਾਮ ਦੇ ਘੇਰੇ ਵਿੱਚ ਕਾਨੂੰ, ਬਾਅਚੀ ਅਤੇ ਸਕੇਟੋ ਦੇ ਖੇਤਰ ਆਉਂਦੇ ਸਨ। ਇਸ ਪ੍ਰਾਜੈਕਟ ਦੀ ਮੈਨੇਜਰੀ ਤੇ ਨਿਯੁਕਤ ਹੋਣ ਵਾਲੇ ਉਹ ਪਹਿਲੇ ਅਵਿਸ਼ੇਤ (ਗੋਰਾ) ਅਧਿਕਾਰੀ ਸਨ। ਇੱਕ ਕਿਸਮ ਨਾਲ ਉਹ ਨਾਈਜੇਰੀਆ ਦੇ ਵਿਸ਼ਾਲ ਖੇਤਰ ਦਾ ਸੁਪਰ ਵਿਕਾਸ ਕਮਿਸ਼ਨਰ ਸਨ। ਉਨ੍ਹਾਂ ਨੇ ਨਾਈਜੇਰੀਆ ਵਰਗੇ ਗ਼ਰੀਬ ਦੇਸ਼ ਲਈ ਬਹੁਤ ਹੀ ਢੁਕਵੀਂ ਤੇ ਸਸਤੀ ਭਾਰਤੀ ਤਕਨੀਕ ਦੀ ਵਰਤੋਂ ਕੀਤੀ, ਜਿਸ ਨਾਲ ਵਿਤੀ ਫ਼ਜ਼ੂਲ ਖ਼ਰਚੀ ਤੋਂ ਬਚਾਓ ਹੋ ਸਕਿਆ। ਵਿਸ਼ਵ ਬੈਂਕ ਨੇ ਉਨ੍ਹਾਂ ਵਲੋਂ ਲਾਗੂ ਕੀਤੇ ਮਾਡਲ ਨੂੰ ਫਾਦਮਾ ਦਰਿਆਈ ਵਾਦੀ ਵਿੱਚ ਵ ੀ ਲਾਗੂ ਕੀਤਾ।**



ਉਜਾਗਰ ਸਿੰਘ
ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072

ਪੰਜਾਬੀਆਂ ਦਾ ਮੋਹਵੰਤਾ, ਪੰਜਾਬ ਦਾ ਵਿਕਾਸ ਪੁਰਸ਼, ਪ੍ਰਸ਼ਾਸ਼ਕੀ ਕਾਰਜ਼ਕੁਸ਼ਤਾ ਦਾ ਮਾਹਿਰ ਅਤੇ ਪੰਜਾਬੀ ਸਭਿਆਚਾਰ ਦਾ ਪ੍ਰਤੀਕ ਡਾ.ਮਨੋਹਰ ਸਿੰਘ ਗਿੱਲ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦੇ ਜਾਣ ਨਾਲ ਪੰਜਾਬ ਦੇ ਸੁਨਹਿਰੇ ਭਵਿਖ ਦੀ ਕਾਮਨਾ ਕਰਨ ਵਾਲਾ ਹਰ ਪੰਜਾਬੀ ਆਪਣੇ ਆਪ ਨੂੰ ਲਾਵਾਰਸ ਮਹਿਸੂਸ ਕਰ ਰਿਹਾ ਹੈ। ਕਲਾਕਾਰਾਂ, ਸਾਹਿਤਕਾਰਾਂ, ਖਿਡਾਰੀਆਂ, ਕਿਸਾਨਾ ਤੇ ਸੰਗੀਤਕਾਰਾਂ ਦਾ ਪ੍ਰੇਮੀ ਅਤੇ ਪੰਜਾਬੀ ਵਿਰਾਸਤ ਦਾ ਪਹਿਰੇਦਾਰ ਦਾ ਜਾਣਾ ਪੰਜਾਬੀਆਂ ਲਈ ਅਸਿਹ ਤੇ ਅਕਿਹ ਸਦਮਾ ਹੈ। ਭਾਰਤ ਅਤੇ ਖਾਸ ਤੌਰ 'ਤੇ ਪੰਜਾਬ ਦੇ ਵਿਕਾਸ ਵਿੱਚ ਉਨ੍ਹਾਂ ਦੇ ਪਾਏ ਗਏ ਵਿਲੱਖਣ ਯੋਗਦਾਨ ਕਰਕੇ ਉਨ੍ਹਾਂ ਨੂੰ ਵਿਕਾਸ ਪੁਰਸ਼ ਕਿਹਾ ਜਾਂਦਾ ਸੀ। ਉਹ ਬਹੁ- ਪੱਖੀ ਸ਼ਖ਼ਸ਼ੀਅਤ ਦੇ ਮਾਲਕ ਸਨ। ਉਹ ਸਫ਼ਲ ਪ੍ਰਸ਼ਾਸ਼ਨਿਕ ਅਧਿਕਾਰੀ, ਪ੍ਰਬੁੱਧ ਸਿਆਸਤਦਾਨ, ਸੁਚੇਤ ਕੂਟਨੀਤਕ, ਵਿਦਵਾਨ ਲੇਖਕ , ਸੱਚੇ-ਸੁੱਚੇ, ਇਮਾਨਦਾਰ ਅਤੇ ਵਿਕਾਸਮੁੱਖੀ ਬਿਹਤਰੀਨ ਇਨਸਾਨ ਸਨ। ਡਾ. ਮਨੋਹਰ ਸਿੰਘ ਗਿੱਲ ਦੀ ਖਾਸੀਅਤ ਸੀ ਕਿ ਵਿਕਾਸ ਮੁੱਖੀ ਹੋਣ ਕਰਕੇ ਜਿਥੇ ਵੀ ਉਨ੍ਹਾਂ ਦੀ ਤਾਇਨਾਤੀ ਹੋਈ, ਉਨ੍ਹਾਂ ਹਰ ਖੇਤਰ ਵਿੱਚ ਆਪਣੀ ਸੋਚ ਅਨੁਸਾਰ ਨਵੀਂ ਯੋਜਨਾ ਬਣਾਕੇ ਲਾਗੂ ਕਰਕੇ ਉਸ ਨੂੰ ਨੇਪਰੇ ਚਾੜ੍ਹਿਆ। ਪੰਜਾਬ ਦੇ ਪਿੰਡਾਂ ਨੂੰ ਲਿੰਕ ਸੜਕਾਂ ਰਾਹੀਂ ਜੋੜ ਕੇ ਪਿੰਡਾਂ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਕਰਨ ਦੀ ਸੋਚ ਪਿੱਛੇ ਪੰਜਾਬ ਮੰਡੀ ਬੋਰਡ ਦੇ ਸਕੱਤਰ ਹੁੰਦਿਆਂ ਮਨੋਹਰ ਸਿੰਘ ਗਿੱਲ ਦੀ ਸੋਚ ਕੰਮ ਕਰ ਰਹੀ ਸੀ। ਉਨ੍ਹਾਂ ਦਾ ਸ਼ੁਰੂ ਕੀਤਾ ਇਹ ਕੰਮ ਲਛਮਣ ਸਿੰਘ ਗਿੱਲ ਦੇ ਮੁੱਖ ਮੰਤਰੀ ਹੁੰਦਿਆਂ ਪੂਰਾ ਹੋਇਆ ਸੀ। ਪੰਜਾਬ ਦੇ ਵਿਕਾਸ ਕਮਿਸ਼ਨਰ ਹੁੰਦਿਆਂ ਉਨ੍ਹਾਂ ਲਿੰਕ ਸੜਕਾਂ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਕਰਵਾਇਆ। ਉਨ੍ਹਾਂ ਨੇ ਹਮੇਸ਼ਾ ਨਵੀਂ ਤਕਨੀਕ ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕੀਤਾ। ਉਹ ਦਬੰਗ ਪ੍ਰਸ਼ਾਸ਼ਕ ਅਤੇ ਨਿਡਰ ਸਿਆਸਤਦਾਨ ਸਨ। ਭਾਰਤ ਦੇ ਮੁੱਖ ਇਲੈਕਸ਼ਨ ਕਮਿਸ਼ਨਰ ਹੁੰਦਿਆਂ ਉਨ੍ਹਾਂ ਨੇ ਚੋਣ ਪ੍ਰਣਾਲੀ ਵਿੱਚ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਉਨ੍ਹਾਂ ਦੀ ਇਮਾਨਦਾਰੀ ਅਤੇ ਪ੍ਰਸ਼ਾਸ਼ਕੀ ਕਾਰਜ਼ਕੁਸ਼ਲਤਾ ਨੂੰ ਮੁੱਖ ਰਖਦਿਆਂ ਤਤਕਾਲੀ ਪ੍ਰਧਾਨ ਮੰਤਰੀ ਡਾ.ਮਨਮੋਹਨ ਸਿੰਘ ਨੇ 2004 ਵਿੱਚ ਡਾ.ਮਨੋਹਰ ਸਿੰਘ ਗਿੱਲ ਨੂੰ ਸਿਆਸਤ ਵਿੱਚ ਲਿਆਕੇ ਆਪਣੇ ਮੰਤਰੀ ਮੰਡਲ ਵਿੱਚ ਪਹਿਲਾਂ ਰਾਜ ਮੰਤਰੀ ਆਜ਼ਾਦਾਨਾ ਚਾਰਜ ਅਤੇ ਬਾਅਦ ਵਿੱਚ ਕੈਬਨਿਟ ਮੰਤਰੀ ਬਣਾਇਆ।

2010 ਵਿੱਚ ਭਾਰਤ ਵਿੱਚ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਨੂੰ ਸਫਲਤਾ ਪੂਰਬਕ ਮੁਕੰਮਲ ਕਰਨ ਦੀ ਜ਼ਿੰਮੇਵਾਰੀ ਦਿੱਤੀ ਪ੍ਰੰਤੂ ਕਾਂਗਰਸੀ ਦਿਗਜ਼ ਸਿਆਸਤਦਾਨਾਂ ਨੇ ਡਾ.ਮਨੋਹਰ ਸਿੰਘ ਗਿੱਲ ਦੀ ਕਾਬਲੀਅਤ ਨੂੰ ਆਪਣੇ ਰਸਤੇ ਵਿੱਚ ਰੋੜਾ ਮਹਿਸੂਸ ਕਰਦਿਆਂ ਖੇਡਾਂ ਵਿੱਚ ਕੁਝ ਲੋਕਾਂ ਵੱਲੋਂ ਕੀਤੇ ਗਏ ਭਰਿਸ਼ਟਾਚਾਰ ਦਾ ਭਾਂਡਾ ਉਨ੍ਹਾਂ ਦੇ ਸਿਰ ਮੜ੍ਹਕੇ ਦੁਬਾਰਾ ਮੰਤਰੀ ਨਹੀਂ ਬਣਨ ਦਿੱਤਾ। ਡਾ.ਮਨੋਹਰ ਸਿੰਘ ਗਿੱਲ ਦੀ ਕਾਬਲੀਅਤ ਸਰਾਪ ਬਣਕੇ ਰਹਿ ਗਈ। ਉਨ੍ਹਾਂ ਦੇ ਪਿਤਾ ਕਰਨਲ ਪ੍ਰਤਾਪ ਸਿੰਘ ਗਿੱਲ ਅਕਾਲੀ ਨੇਤਾ ਸਨ, ਉਨ੍ਹਾਂ ਨਾਲ ਵੀ ਅਕਾਲੀ ਦਲ ਨੇ ਇਸੇ ਤਰ੍ਹਾਂ ਕੀਤਾ ਸੀ। ਅਕਾਲੀ ਦਲ ਦੇ ਅੰਦੋਲਨਾਂ ਵਿੱਚ ਉਨ੍ਹਾਂ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਇਕ ਕਿਸਮ ਨਾਲ ਅਕਾਲੀ ਦਲ ਦੇ ਸੰਕਟਮੋਚਨ ਸਨ ਪ੍ਰੰਤੂ ਅਕਾਲੀ ਦਲ ਨੇ ਵੀ ਉਨ੍ਹਾਂ ਤੋਂ ਡਰਦਿਆਂ ਕਦੀਂ

ਵੀ ਵਿਧਾਨ ਸਭਾ ਜਾਂ ਲੋਕ ਸਭਾ ਦੀ ਟਿਕਟ ਨਹੀਂ ਦਿੱਤੀ ਸੀ। ਡਾ.ਮਨੋਹਰ ਸਿੰਘ ਗਿੱਲ ਭਾਰਤ ਸਰਕਾਰ ਦੇ ਮਹੱਤਵਪੂਰਨ ਵਿਭਾਗਾਂ ਦੇ ਮੁੱਖੀ ਅਤੇ ਹੋਰ ਕਈ ਮਹੱਤਵਪੂਰਨ ਅਹੁਦਿਆਂ ਤੇ ਰਹੇ। ਲਾਹੁਲ ਸਪਿਤੀ ਦੇ ਡਿਪਟੀ ਕਮਿਸ਼ਨਰ ਹੁੰਦਿਆਂ ਇਸ ਪਛੜੇ ਤੇ ਪਹਾੜੀ ਇਲਾਕੇ ਵਿੱਚ ਵਿਕਾਸ ਲਈ ਬਹੁਪੱਖੀ ਯਤਨ ਕੀਤੇ, ਜਿਹਨਾ ਵਿੱਚ ਅਨਪੜ੍ਹਤਾ ਦੂਰ ਕਰਨ, ਪੀਣ ਵਾਲੇ ਸਾਫ ਸੁਥਰੇ ਪਾਣੀ ਦਾ ਪ੍ਰਬੰਧ ਕਰਨਾ, ਪਹਾੜੀ ਸੜਕਾਂ ਦਾ ਨਿਰਮਾਣ ਅਤੇ ਬਰਫਾਨੀ ਗਲੇਸ਼ੀਅਰ ਤੋਂ ਸਿੰਜਾਈ ਲਈ ਪੁਲਾਂ ਦਾ ਨਿਰਮਾਣ ਕਰਨਾ ਸ਼ਾਮਲ ਹੈ। ਕਣਕ ਅਤੇ ਟਮਾਟਰਾਂ ਦੇ ਉਤਮ ਬੀਜ ਤਿਆਰ ਕਰਵਾਕੇ ਇਸ ਇਲਾਕੇ ਦੀ ਆਰਥਿਕਤਾ ਨੂੰ ਸਮੁੱਚੇ ਪੰਜਾਬ ਦੀ ਖੇਤੀ ਪ੍ਰਧਾਨ ਆਰਥਿਕਤਾ ਨਾਲ ਇੱਕਸੁਰ ਕੀਤਾ ਅਤੇ ਸਥਾਨਕ ਲੋਕਾਂ ਦੀ ਆਰਥਿਕਤਾ ਮਜ਼ਬੂਤ ਹੋਈ। ਪੰਜਾਬ ਦੀਆਂ ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਵਜੋਂ ਸ਼ਲਾਘਾਯੋਗ ਕੰਮ ਕੀਤਾ। ਇਸ ਵਿਭਾਗ ਦਾ ਵਿਆਪਕ ਢਾਂਚਾ ਵਿਕਸਤ ਕੀਤਾ। ਪੰਜਾਬ ਦੇ ਸਹਿਕਾਰਤਾ ਖੇਤਰ ਵਿੱਚ ਡਾ.ਮਨੋਹਰ ਸਿੰਘ ਗਿੱਲ ਦੇ ਯੋਗਦਾਨ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਕੌਮੀ ਸਹਿਕਾਰਤਾ ਵਿਕਾਸ ਨਿਗਮ ਦਾ ਮੈਨੇਜਿੰਗ ਡਾਇਰੈਕਟਰ ਨਿਯੁਕਤ ਕੀਤਾ। ਫਿਰ ਉਨ੍ਹਾਂ ਦੇ ਕੰਮ ਦੀ ਕਾਰਜਕੁਸ਼ਲਤਾ ਨੂੰ ਵੇਖਦੇ ਹੋਏ ਵਿਸ਼ਵ ਬੈਂਕ ਨਾਈਜੇਰੀਆ ਦੇ ਸਕੇਟੋ ਖੇਤੀਬਾੜੀ ਵਿਕਾਸ ਯੋਜਨਾ ਦਾ ਮੈਨੇਜਰ ਲਗਾਇਆ ਗਿਆ। ਇਸ ਪ੍ਰੋਗਰਾਮ ਦੇ ਘੇਰੇ ਵਿੱਚ ਕਾਨੂੰ,



ਬਾਅਚੀ ਅਤੇ ਸਕੇਟੋ ਦੇ ਖੇਤਰ ਆਉਂਦੇ ਸਨ। ਇਸ ਪ੍ਰਾਜੈਕਟ ਦੀ ਮੈਨੇਜਰੀ ਤੇ ਨਿਯੁਕਤ ਹੋਣ ਵਾਲੇ ਉਹ ਪਹਿਲੇ ਅਵਿਸ਼ੇਤ (ਗੋਰਾ) ਅਧਿਕਾਰੀ ਸਨ। ਇੱਕ ਕਿਸਮ ਨਾਲ ਉਹ ਨਾਈਜੇਰੀਆ ਦੇ ਵਿਸ਼ਾਲ ਖੇਤਰ ਦਾ ਸੁਪਰ ਵਿਕਾਸ ਕਮਿਸ਼ਨਰ ਸਨ। ਉਨ੍ਹਾਂ ਨੇ ਨਾਈਜੇਰੀਆ ਵਰਗੇ ਗ਼ਰੀਬ ਦੇਸ਼ ਲਈ ਬਹੁਤ ਹੀ ਢੁਕਵੀਂ ਤੇ ਸਸਤੀ ਭਾਰਤੀ ਤਕਨੀਕ ਦੀ ਵਰਤੋਂ ਕੀਤੀ, ਜਿਸ ਨਾਲ ਵਿਤੀ ਫ਼ਜ਼ੂਲ ਖ਼ਰਚੀ ਤੋਂ ਬਚਾਓ ਹੋ ਸਕਿਆ। ਵਿਸ਼ਵ ਬੈਂਕ ਨੇ ਉਨ੍ਹਾਂ ਵਲੋਂ ਲਾਗੂ ਕੀਤੇ ਮਾਡਲ ਨੂੰ ਫਾਦਮਾ ਦਰਿਆਈ ਵਾਦੀ ਵਿੱਚ ਵ ੀ ਲਾਗੂ ਕੀਤਾ। ਮਨੋਹਰ ਸਿੰਘ ਗਿੱਲ ਦਾ ਜਨਮ 14 ਜੂਨ 1936 ਨੂੰ ਕਰਨਲ ਪ੍ਰਤਾਪ ਸਿੰਘ ਗਿੱਲ ਅਤੇ ਸ੍ਰੀਮਤੀ ਨਿਰੰਜਨ ਕੌਰ ਦੇ ਘਰ ਤਰਨਤਾਰਨ ਜਿਲ੍ਹੇ ਦੇ ਛੋਟੇ ਜਿਹੇ ਪਿੰਡ ਅਲਾਦੀਨਪੁਰ ਵਿੱਚ ਹੋਇਆ। ਉਨ੍ਹਾਂ ਨੇ ਮੁੱਢਲੀ ਸਿੱਖਿਆ ਸੇਂਟ ਫੀਡੈਲਿਸ ਹਾਈ ਸਕੂਲ ਮਸੂਰੀ ਅਤੇ ਸੇਂਟ ਜਾਰਜ ਕਾਲਜ ਤੋਂ ਪ੍ਰਾਪਤ ਕੀਤੀ। ਬੀ.ਏ.ਸਰਕਾਰੀ ਕਾਲਜ ਲੁਧਿਆਣਾ ਅਤੇ ਐਮ.ਏ.ਅੰਗਰੇਜ਼ੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪਾਸ ਕੀਤੀ। ਵਿਦਿਆਰਥੀ ਜੀਵਨ ਵਿੱਚ ਖੇਡਾਂ ਅਤੇ ਵਿਦਿਅਕ ਪ੍ਰਤੀਯੋਗਤਾਵਾਂ ਵਿੱਚ ਤਮਗੇ ਜਿੱਤੇ ਅਤੇ ਅਨੇਕਾਂ ਮਾਣ ਸਨਮਾਨ ਪ੍ਰਾਪਤ ਕੀਤੇ। ਐਮ.ਏ.ਦੀ ਡਿਗਰੀ ਕਰਨ ਤੋਂ ਉਪਰੰਤ ਉਹ 1958 ਵਿੱਚ ਆਈ.ਏ.ਐਸ ਵਿੱਚ ਚੁਣੇ ਗਏ। ਨੌਕਰੀ ਦੌਰਾਨ ਉਨ੍ਹਾਂ ਨੂੰ ਭਾਰਤ ਸਰਕਾਰ ਨੇ ਕੂਈਨਜ ਕਾਲਜ ਕੈਂਬਰਿਜ ਯੂਨਾਈਟਡ ਕਿੰਗਡਮ ਵਿੱਚ ਵਿਕਾਸ, ਅਰਥ ਸ਼ਾਸ਼ਤਰ ਅਤੇ ਮਾਨਵ ਵਿਗਿਆਨ ਦਾ ਅਧਿਐਨ ਕਰਨ ਲਈ ਭੇਜਿਆ ਗਿਆ। ਉਹ ਆਪਣੀ ਸਰਵਿਸ ਦੌਰਾਨ ਸਾਂਝੇ ਪੰਜਾਬ ਦੇ ਕਈ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਰਹੇ। ਉਨ੍ਹਾਂ ਨੇ ਕਈ ਹੋਰ ਮਹੱਤਵਪੂਰਨ ਅਹੁਦਿਆਂ ਤੇ ਰਹਿੰਦਿਆਂ ਕਈ ਮਹੱਤਵਪੂਰਨ ਫੈਸਲੇ ਕਰਕੇ ਪੰਜਾਬ ਦੇ ਵਿਕਾਸ ਵਿੱਚ ਯੋਗਦਾਨ ਪਾਇਆ। ਉਹ 1977 ਵਿੱਚ ਪੰਜਾਬ ਦੇ ਤਤਕਾਲੀ ਦੇ ਮੁੱਖ ਮੰਤਰੀ ਸ੍ਰ ਪਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸਕੱਤਰ ਵੀ ਰਹੇ। ਉਸ ਸਮੇਂ ਆਪਣੀ ਪ੍ਰਬੰਧਕੀ ਕਾਬਲੀਅਤ ਦਾ ਸਬੂਤ ਦਿੰਦਿਆਂ ਪੰਜਾਬ ਦੇ ਵਿਕਾਸ ਨੂੰ ਨਵੀਆਂ ਲੀਹਾਂ 'ਤੇ ਲਿਆਉਣ ਵਿੱਚ ਬਿਹਤਰੀਨ ਫ਼ਰਜ਼ ਨਿਭਾਏ। 1985 ਵਿੱਚ ਉਨ੍ਹਾਂ ਖੇਤੀਬਾੜੀ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਪੰਜਾਬ ਦੇ ਵਿਕਾਸ ਕਮਿਸ਼ਨਰ ਦੇ ਅਹੁਦੇ ਤੇ ਹੁੰਦਿਆਂ ਸਹਿਕਾਰੀ ਰਿਣ ਪ੍ਰਬੰਧ ਦਾ ਵਿਕਾਸ ਵਿੱਚ ਯੋਗਦਾਨ ਦੇ ਵਿਸ਼ੇ ਉਪਰ ਥੀਸਜ ਲਿਖਿਆ, ਜਿਸ ਕਰਕੇ ਪੰਜਾਬ ਯੂਨੀਵਰਸਿਟੀ ਵਲੋਂ ਉਨ੍ਹਾਂ ਨੂੰ ਡਾਕਟਰੇਟ ਦੀ ਡਿਗਰੀ ਦਿੱਤੀ ਗਈ। ਉਨ੍ਹਾਂ ਨੇ ਪੰਜਾਬ ਵਿੱਚ ਪਹਿਲੀ ਖੰਡ ਮਿਲ ਬਟਾਲਾ ਵਿਖੇ ਲਗਵਾਈ ਸੀ। ਡਾ.ਮਨੋਹਰ ਸਿੰਘ ਗਿੱਲ ਨੇ ਪੰਜਾਬ ਵਿੱਚ ਸੜਕਾਂ ਤੇ ਪ੍ਰੀਮਿਕਸ ਦੀ ਵਰਤੋਂ ਲਾਜਮੀ ਕੀਤੀ। ਕਿਸਾਨਾਂ ਨੂੰ ਵਿਚੋਲਿਆਂ ਦੀ ਲੁਟ ਤੋਂ ਬਚਾਉਣ ਲਈ ਆਪਣੀ ਮੰਡੀ ਦੀ ਪ੍ਰਣਾਲੀ ਪੰਜਾਬ ਵਿੱਚ ਲਾਗੂ ਕੀਤੀ। ਉਹ ਇੱਕ ਸੁਲਝੇ ਹੋਏ ਵਿਦਵਾਨ ਲੇਖਕ ਵੀ ਸਨ। ਉਹ ਲੇਖਕ ਦੇ ਤੌਰ 'ਤੇ ਉਨ੍ਹਾਂ ਨੇ ਅੰਗਰੇਜ਼ੀ ਵਿੱਚ ਪੁਸਤਕਾਂ 'ਹਿਮਾਲੀਅਨ ਵੰਡਰਲੈਂਡ-ਟ੍ਰੈਵਲਜ਼ ਇਨ ਲਾਹੁਲ-ਸਪਿਤੀ' 'ਐਨ ਇੰਡੀਅਨ ਸਕਸੈਸ ਸਟੋਰੀ:ਐਗਰੀਕਲਚਰ ਐਂਡ ਕੋ-ਆਪ੍ਰੇਟਿਵ', 'ਪੁਟਿੰਗ ਭਗਤ ਸਿੰਘ ਸਟੈਚੂ ਇਨ ਪਾਰਲੀਮੈਂਟ', ਅਤੇ 'ਐਗਰੀਕਲਚਰ ਕੋਆਪ੍ਰੇਟਿਵਜ਼:ਏ ਕੇਸ ਸਟੱਡੀ ਆਫ ਪੰਜਾਬ' ਲਿਖੀਆਂ। ਕੁਝ ਪੁਸਤਕਾਂ ਦਾ ਪੰਜਾਬੀ ਵਿੱਚ ਅਨੁਵਾਦ ਜਗਵਿੰਦਰ ਜੋਧਾ ਅਤੇ ਪਵਨ ਗੁਲਾਟੀ ਨੇ ਵੀ ਕੀਤਾ ਹੈ। ਪੰਜਾਬੀ ਵਿੱਚ 'ਲਾਹੌਲ-ਸਪਿਤੀ ਦੀਆਂ ਕਹਾਣੀਆਂ', 'ਕਿਵੇਂ ਲੱਗਿਆ ਭਗਤ ਸਿੰਘ ਦਾ ਬੁੱਤ' ਅਤੇ ਭਾਰਤ ਵਿੱਚ ਸਫ਼ਲਤਾ ਦੀ ਗਾਥਾ, ਖੇਤੀਬਾੜੀ ਤੇ ਸਹਿਕਾਰੀ ਸੰਸਥਾਵਾਂ' ਵੀ ਪ੍ਰਕਾਸ਼ਤ ਹੋਈਆਂ ਹਨ। ਸਤੀਸ਼ ਗੁਲਾਟੀ ਅਨੁਸਾਰ ਦੋ ਹੋਰ ਪੁਸਤਕਾਂ 'ਨਾਈਜੇਰੀਅਨ ਯਾਤਰਾ' ਤੇ ਨਾਈਜੇਰੀਅਨ ਸਫਰਨਾਵਾਂ' ਪ੍ਰਕਾਸ਼ਨ ਅਧੀਨ ਹਨ। ਉਨ੍ਹਾਂ ਨੇ ਆਪਣੇ ਐਮ.ਪੀ.ਲੈਡ.ਫੰਡ ਵਿੱਚੋਂ ਬਹੁਤੇ ਖਰਚੇ ਖੇਡ ਸਟੇਡੀਅਮ, ਵਿਦਿਅਕ ਸੰਸਥਾਵਾਂ, ਪੰਜਾਬੀ ਸਾਹਿਤ ਅਕਾਡਮੀ ਅਤੇ ਸਾਹਿਤਕ ਭਵਨਾ ਦੀ ਉਸਾਰੀ ਲਈ ਖ਼ਰਚੇ। ਸ਼ਿਵ ਕੁਮਾਰ ਬਟਾਲਵੀ ਦੀ ਯਾਦ ਵਿੱਚ ਭਵਨ ਦੀ ਉਸਾਰੀ ਲਈ ਵੀ ਗ੍ਰਾਂਟ ਦਿੱਤੀ। ਆਈ.ਏ.ਐਸ.ਵਿੱਚੋਂ ਸੇਵਾ ਮੁਕਤ ਹੋਣ ਉਪਰੰਤ ਉਨ੍ਹਾਂ ਨੂੰ 1993 ਵਿੱਚ ਭਾਰਤ ਦਾ ਚੋਣ ਕਮਿਸ਼ਨਰ ਲਗਾਇਆ ਗਿਆ ਅਤੇ 1996 ਵਿੱਚ ਮੁੱਖ ਚੋਣ ਕਮਿਸ਼ਨਰ ਬਣਾਇਆ ਗਿਆ ਅਤੇ 2001 ਤੱਥ ਇਸ ਅਹੁਦੇ 'ਤੇ ਰਹੇ। ਇਸ ਪਦਵੀ ਉਪਰ ਉਨ੍ਹਾਂ ਨੇ ਬੜੇ ਠਰੰਮੇ, ਦ੍ਰਿੜ੍ਹਤਾ ਅਤੇ ਧੜੱਲੇਦਾਰੀ ਨਾਲ ਲਗਾਤਾਰ ਚੋਣ ਦੇ ਬੁਨਿਆਦੀ ਸੁਧਾਰਾਂ ਦਾ ਸਿਲਸਿਲਾ ਜਾਰੀ ਰੱਖਿਆ। ਭਾਰਤ ਦੇ ਕਰੋੜਾਂ ਵੋਟਰਾਂ ਨੂੰ ਵੋਟਰ ਸ਼ਨਾਖਤੀ ਕਾਰਡ ਬਣਵਾਕੇ ਦਿੱਤੇ ਅਤੇ ਇਲੈਕਟਰੌਨਿਕ ਵੋਟਿੰਗ ਮਸ਼ੀਨਾ ਦੀ ਵਰਤੋਂ ਚਾਲੂ ਕਰਵਾਈ ਗਈ। ਵੋਟਾਂ ਦੌਰਾਨ ਧਨ ਦੀ ਵਰਤੋਂ ਰੋਕਣ ਲਈ ਚੋਣ ਪ੍ਰਚਾਰ ਦਾ ਸਮਾਂ ਘਟਾ ਦਿੱਤਾ ਗਿਆ। ਚੋਣਾਂ ਦੇ ਐਲਾਨ ਵਾਲੇ ਦਿਨ ਤੋਂ ਹੀ ਚੋਣ ਜਾਬਤਾ ਲਾਗੂ ਕਰਨਾ ਲਾਜ਼ਮੀ ਕੀਤਾ। ਰਾਜਨੀਤਕ ਦਲਾਂ ਦੀਆਂ ਅੰਦਰੂਨੀ ਚੋਣਾਂ ਵੀ ਜ਼ਰੂਰੀ ਕੀਤੀਆਂ। ਚੋਣ ਸਧਾਰਾਂ ਤੋਂ ਬਾਅਦ ਉਨ੍ਹਾਂ ਨੇ 12ਵੀਂ ਲੋਕ ਸਭਾ 1998, 13ਵੀਂ ਲੋਕ ਸਭਾ 1999, 11ਵੇਂ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ 1997 ਅਤੇ 20 ਵਿਧਾਨ ਸਭਾਵਾਂ ਦੀਆਂ ਜਨਰਲ ਚੋਣਾ ਸਫਲਤਾ ਪੂਰਬਕ ਕਰਵਾਈਆਂ ਸਨ। ਉਨ੍ਹਾਂ ਦੇ ਪਿਤਾ ਕਰਨਲ ਪ੍ਰਤਾਪ ਸਿੰਘ ਗਿੱਲ ਗੋਆ ਦੇ ਉਪ ਰਾਜਪਾਲ ਰਹੇ ਹਨ। ਉਨ੍ਹਾਂ ਦੇ ਵੱਡੇ ਵਡੇਰੇ ਮਾਝੇ ਦੇ ਪ੍ਰਸਿਧ ਪਿੰਡ ਜਾਤੀ ਉਮਰ ਜਿਲ੍ਹਾ ਅੰਮ੍ਰਿਤਸਰ ਦੇ ਨਿਵਾਸੀ ਸਨ। ਉਨ੍ਹਾਂ ਨੂੰ ਫਰਵਰੀ 2000 ਵਿੱਚ ਪਦਮ ਵਿਭੂਸ਼ਨ ਨਾਲ ਵੀ ਪੁਰਸਕਾਰਤ ਕੀਤਾ ਗਿਆ ਸੀ। ਉਨ੍ਹਾਂ ਦੀ ਪ੍ਰਬੰਧਕੀ ਕਾਬਲੀਅਤ ਨੂੰ ਮੁੱਖ ਰਖਦਿਆਂ 2004 ਵਿੱਚ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ। 22 ਮਈ 2009 ਨੂੰ ਡਾਕਟਰ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਦੇ ਮੰਤਰੀ ਮੰਡਲ ਵਿੱਚ ਰਾਜ ਮੰਤਰੀ ਆਜ਼ਾਦ ਚਾਰਜ ਬਣਾਇਆ ਗਿਆ। ਉਹ ਯੂਥ ਅਫੇਅਰਜ, ਸਪੋਰਟਸ ਅਤੇ 20 ਨੁਕਾਤੀ ਪ੍ਰੋਗਰਾਮ ਵਿਭਾਗਾਂ ਦੇ ਮੰਤਰੀ ਰਹੇ। ਉਹ ਸੰਸਦ ਦੀਆਂ ਬਹੁਤ ਸਾਰੀਆਂ ਕਮੇਟੀਆਂ ਦੇ ਮੈਂਬਰ ਵੀ ਰਹੇ। ਉਨ੍ਹਾਂ ਨੂੰ ਦਾਦਾ ਭਾਈ ਨਾਰੋਜੀ ਨਿਊ ਮਿਲੇਨੀਅਮ ਅੰਤਰਰਾਸ਼ਟਰੀਅਵਾਰਡ ਜਨਵਰੀ 2000 ਵਿੱਚ ਲਾਈਫ ਟਾਈਮ ਭਾਰਤ ਦੀ ਸੇਵਾ ਲਈ ਦਿੱਤਾ ਗਿਆ। ਖਾਲਸਾ ਸਾਜਨਾ ਦੇ 300 ਸਾਲਾ ਸਮਾਗਮਾ ਮੌਕੇ ਮਨੋਹਰ ਸਿੰਘ ਗਿੱਲ ਨੂੰ ਨਿਸ਼ਾਨੇ ਖਾਲਸਾ ਦਾ ਅਵਾਰਡ ਦਿੱਤਾ ਗਿਆ। ਉਨ੍ਹਾਂ ਦਾ ਵਿਆਹ 1965 ਵਿੱਚ ਵਿੰਨੀ ਗਿੱਲ ਨਾਲ ਹੋਇਆ। ਡਾ.ਮਨੋਹਰ ਸਿੰਘ ਗਿੱਲ ਦੇ ਤਿੰਨ ਧੀਆਂ ਹਨ। ਉਹ 15 ਅਕਤੂਬਰ 2023 ਨੂੰ ਸੰਖੇਪ ਬਿਮਾਰੀ ਤੋਂ ਬਾਅਦ ਦਿੱਲੀ ਵਿਖੇ 87 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ ਹਨ।
















# ਪੰਜਾਬੀ ਦੇ ਅਣਮੁੱਲੇ,ਅਣਗੌਲੇ ਗੀਤਕਾਰਾਂ ਬਾਰੇ ਅਸ਼ੋਕ ਬਾਂਸਲ ਮਾਨਸਾ ਨੇ ਕੈਲਗਰੀ ਵਾਸੀਆਂ ਨਾਲ ਬਾਤ ਪਾਈ


## ਕੈਲਗਰੀ ਵਾਲਿਆਂ ਨੇ ਵੱਡੀ ਗਿਣਤੀ ਵਿੱਚ ਲਾਈਨਾਂ ਲਗਾ ਕੇ ਕਿਤਾਬ ਖਰੀਦੀ


























“ਮਿੱਟੀ ਨੂੰ ਫਰੋਲ ਜੋਗੀਆ” ਕਿਤਾਬ 1100 ਡਾਲਰ ਵਿੱਚ ਪਾਲ ਸੇਖੋਂ ਨੇ ਖਰੀਦੀ




















ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 15 ਅਕਤੂਬਰ 2023 ਵਾਲੇ ਦਿਨ ਅਦਾਰਾ ਪੰਜਾਬੀ ਅਖ਼ਬਾਰ ਵੱਲੋਂ ਇੱਕ ਸਮਾਗਮ ਦਾ ਆਯੋਜਿਨ ਕੀਤਾ ਗਿਆ ਜਿਸ ਵਿੱਚ ਬੜੇ ਲੰਮੇ ਅਰਸੇ ਤੋਂ ਲਗਾਤਾਰ ਛਪਦੇ ਕਾਲਮ ਬਾਂਸਲ ਦੀ ਵੰਝਲੀ ਵਾਲੇ ਅਸ਼ੋਕ ਬਾਂਸਲ ਮਾਨਸਾ ਵੱਲੋਂ ਬੜੀ ਖੋਜ ਉਪਰੰਤ ਲਿਖੀ ਗਈ ਕਿਤਾਬ “ਮਿੱਟੀ ਨੂੰ ਫਰੋਲ ਜੋਗੀਆ” ਬਾਰੇ ਚਰਚਾ ਹੋਈ। ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੇ ਖਚਾਖਚ ਭਰੇ ਹੋਏ ਹਾਲ ਅੰਦਰ ਸੁਸਾਇਟੀ ਦੇ ਸੈਕਟਰੀ ਮੇਜਰ ਸਿੰਘ ਧਾਲੀਵਾਲ ਨੇ ਪ੍ਰੋਗਰਾਮ ਦੀ ਸੁਰੂਆਤ ਕਰਦਿਆਂ ਸਾਰਿਆਂ ਨੂੰ ਜੀ ਆਇਆਂ ਨੂੰ ਆਖਦਿਆਂ ਅੱਜ ਦੇ ਦਿਨ ਸਟੇਜ ਦੀ ਕਾਰਵਾਈ ਚਲਾਉਣ ਲਈ ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਨੂੰ ਸੱਦਾ ਦਿੱਤਾ। ਹਰਬੰਸ ਬੁੱਟਰ ਨੇ ਸਭ ਤੋਂ ਪਹਿਲਾਂ ਸੁਸਾਇਟੀ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਜਿਹਨਾ ਨੇ ਅੱਜ ਦੇ ਪ੍ਰੋਗਰਾਮ ਨੂੰ ਨੇਪਰੇ ਚਾੜਨ ਲਈ ਸਹਿਯੋਗ ਦਿੱਤਾ। ਅੱਜ ਦੇ ਸਮਾਗਮ ਦੇ ਪਹਿਲੇ ਬੁਲਾਰੇ ਰੇਡੀਓ ਰੈਡ ਐਫ ਐਮ ਕੈਲਗਰੀ ਦੇ ਨਿਊਜ ਡਾਇਰੈਕਟਰ ਅਤੇ ਉੱਘੇ ਹੋਸਟ ਰਿਸ਼ੀ ਨਾਗਰ ਨੇ ਅਸ਼ੋਕ ਬਾਂਸਲ ਮਾਨਸਾ ਨੂੰ ਜੀ ਆਇਆਂ ਨੂੰ ਆਖਦਿਆਂ ਇਸ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾ ਆਖਿਆ ਕਿ ਬਾਂਸਲ ਸਾਹਿਬ ਦੀ ਇਸ ਘਾਲਣਾ ਬਦਲੇ ਉਹ ਵਧਾਈ ਦੇ ਹੱਕਦਾਰ ਹਨ ਕਿਉਂਕਿ ਅਣਗੌਲਿਆਂ ਨੂੰ ਗੌਲਦਿਆਂ ਉਹਨਾਂ ਨੇ ਬੜੀ ਸਖਤ ਮਿਹਨਤ ਨਾਲ ਉਹਨਾਂ ਦੇ ਪਰਿਵਾਰਾਂ ਜਾਂ ਨੇੜਲਿਆਂ ਦਾ ਖੁਰਾਖੋਜ ਲੱਭਦਿਆਂ ਮਿੱਟੀ ਨੂੰ ਫਰੋਲ ਜੋਗੀਆ ਨਾਂ ਦੀ ਕਿਤਾਬ ਸਾਡੇ ਕੋਲ ਲੈਕੇ ਪੁੱਜੇ ਹਨ। ਜ਼ੀਰੇ ਵਾਲੇ ਕਵੀਸ਼ਰ ਬਚਿੱਤਰ ਸਿੰਘ ਗਿੱਲ ਨੇ ਇਸ ਗੱਲ ਉੱਪਰ ਜ਼ੋਰ ਦਿੱਤਾ ਕਿ ਇਹ ਕਿਤਾਬ ਹਰ ਘਰ ਵਿੱਚ ਪੁੱਜਣੀ ਚਾਹੀਦੀ ਹੈ ਤਾਂ ਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਇਸ ਸੁਨਹਿਰੀ ਇਤਿਹਾਸ ਤੋਂ ਵਾਕਿਫ ਰਹਿ ਸਕਣ। ਉਹਨਾਂ ਆਪਣੀ ਬੁਲੰਦ ਆਵਾਜ਼ ਵਿੱਚ ਸ਼੍ਰੋਮਣੀ ਕਵੀਸ਼ਰ ਕਰਨੈਲ ਸਿੰਘ ਪਾਰਸ ਰਾਮੂੰਵਾਲੀਆ ਦੀ ਕਵੀਸ਼ਰੀ “ਕਿਉਂ ਫੜੀ ਸਿਪਾਹੀਆਂ ਨੇ ਭੈਣੋਂ ਇਹ ਹੰਸਾਂ ਦੀ ਜੋੜੀ” ਗਾਕੇ ਆਪਣੀ ਪੇਸ਼ਕਾਰੀ ਦੀ ਰਵਾਨਗੀ ਅਤੇ ਪਾਰਸ ਸਾਹਿਬ ਦੀ ਰਚਨਾਂ ਵਿਚਲੇ ਸ਼ਬਦਾਂ ਨਾਲ ਹਾਜਰੀਨ ਨੂੰ ਕੀਲਕੇ ਰੱਖ ਦਿੱਤਾ। ਡਾਕਟਰ ਹਰਭਜਨ ਸਿੰਘ ਢਿੱਲੋਂ ਨੇ ਮਿੱਟੀ ਨੂੰ ਫਰੋਲ ਜੋਗੀਆ ਨੂੰ ਫਰੋਲਦਿਆਂ ਆਖਿਆ ਕਿ ਕਿਤਾਬ ਵਿੱਚ ਗਾਇਕਾਂ ਗੀਤਕਾਰਾਂ ਵਾਰੇ ਜੋ ਸੰਖੇਪ ਵਿੱਚ ਜਾਣਕਾਰੀ ਅਸ਼ੋਕ ਬਾਂਸਲ ਮਾਨਸਾ ਨੇ ਇਕੱਤਰ ਕੀਤੀ ਹੈ,ਇਹ ਆਉਣ ਵਾਲੇ ਸਮੇਂ ਵਿੱਚ ਇਸ ਖੇਤਰ ਵਿੱਚ ਪੀ ਐਚ ਡੀ ਕਰਨ ਵਾਲੇ ਵਿਦਿਆਰਥੀਆਂ ਲਈ ਸਹਾਈ ਸਿੱਧ ਹੋਵੇਗੀ। ਤਵਿਆਂ ਦੇ ਰੂਪ ਵਿੱਚ ਰਿਕਾਰਡ ਹੋਏ ਗੀਤਾਂ ਦੀਆਂ ਆਲੋਕਾਰੀ ਤਸਵੀਰਾਂ ਜਿੱਥੇ ਕਿਤਾਬ ਦੀ ਦਿੱਖ ਨੂੰ ਅਮੀਰ ਬਣਾਉਂਦੀਆਂ ਹਨ ਉੱਥੇ ਇਹ ਤਸਵੀਰਾਂ ਇੱਕ ਇਤਿਹਾਸਕ ਦਸਤਾਵੇਜ ਦੇ ਰੂਪ ਵਿੱਚ ਵੀ ਆਉਣ ਵਾਲੇ ਸਮੇਂ ਦੇ ਅਜਿਹੀ ਮਿੱਟੀ ਨੂੰ ਫਰੋਲਣ ਵਾਲੇ ਜੋਗੀਆਂ ਦੇ ਕੰਮ ਆਉਣਗੀਆਂ। ਲੋਕ ਗਾਇਕ ਮਨਜੀਤ ਰੂਪੋਵਾਲੀਆ ਅਤੇ ਤੇਜੀ ਸੰਧੂ ਨੇ ਵੀ ਮੰਚ ਉਪਰੋਂ ਬਾਂਸਲ ਸਾਹਿਬ ਨੂੰ ਵਧਾਈ ਦਿੰਦਿਆਂ ਆਪਣੇ ਬੋਲਾਂ ਨਾਲ ਹਾਜਿਰੀ ਲਗਵਾਈ। ਅਸ਼ੋਕ ਬਾਂਸਲ ਮਾਨਸਾ ਨੇ ਕੈਲਗਰੀ ਵਾਲਿਆਂ ਦਾ ਵਿਸ਼ੇਸ਼ ਧੰਨਵਾਦ ਕੀਤਾ ਕਿ ਤੁਹਾਡੇ ਪੰਜਾਬੀ ਅਖ਼ਬਾਰ ਵਿੱਚ ਬਾਂਸਲ ਦੀ ਵੰਝਲੀ ਕਾਲਮ ਲਗਾਤਾਰ ਛਪਣ ਕਾਰਣ ਹੀ ਇਹ ਕਿਤਾਬ ਛਪਕੇ ਅੱਜ ਤੁਹਾਡੇ ਹੱਥਾਂ ਵਿੱਚ ਹੈ। ਬਾਂਸਲ ਦੀ ਵੰਝਲੀ ਕਾਲਮ ਪੜ੍ਹਕੇ ਕੈਲਗਰੀ ਤੋਂ ਜਾਂਦੀਆ ਫੋਨ ਕਾਲਾਂ ਨੇ ਮੈਨੂੰ ਹੌਂਸਲਾ ਦਿੱਤਾ ਕਿ ਇਹਨਾਂ ਲਿਖਤਾਂ ਨੂੰ ਕਿਤਾਬੀ ਰੂਪ ਦਿੱਤਾ ਜਾਵੇ। ਮੰਚ ਉੱਪਰੋਂ ਜਦੋਂ ਪੁਰਾਣੇ ਗੀਤਾਂ ਦੇ ਬੋਲਾਂ ਨਾਲ ਉਹਨਾਂ ਨੂੰ ਰਚਣ ਵਾਲਿਆਂ ਵਾਰੇ ਜਾਣਕਾਰੀ ਸਾਂਝੀ ਕੀਤੀ ਤਾਂ ਹਾਲ ਵਿੱਚ ਹਾਜਰੀਨ ਵੱਲੋਂ ਤਾੜੀਆਂ ਨਾਲ ਬਾਂਸਲ ਸਾਹਿਬ ਨੂੰ ਵਧਾਈ ਮਿਲਦੀ ਰਹੀ। ਅੱਜ ਦੇ ਇਸ ਸਮਾਗਮ ਦੀ ਰੌਚਿਕਤਾ ਉਦੋਂ ਸਿਖਰਾਂ ਉੱਪਰ ਪੁੱਜੀ ਜਦੋਂ ਮੰਚ ਉਪਰੋਂ ਇਹ ਜਾਣਕਾਰੀ ਦਿੱਤੀ ਗਈ ਕਿ ਕੈਲਗਰੀ ਵਾਸੀ ਪਾਲ ਸੇਖੋਂ ਨੇ ਮਿੱਟੀ ਨੂੰ ਫਰੋਲ ਜੋਗੀਆ ਕਿਤਾਬ 1100 ਡਾਲਰ ਵਿੱਚ ਖਰੀਦੀ ਅਤੇ ਆਉਣ ਵਾਲੀ ਕਿਤਾਬ ਦੀ ਪ੍ਰਕਾਸਨ ਦੀ ਜਿੰਮੇਬਾਰੀ ਸਿੱਧੂ ਪੇਂਟਿੰਗ ਦਰਸਨ ਸਿੱਧੂ ਲਹਿਰਾ ਮੁਹੱਬਤ ਵਾਲਿਆਂ ਨੇ ਆਪਣੇ ਜੁੰਮੇ ਲੈ ਲਈ ਹੈ। ਵੱਡੀ ਗਿਣਤੀ ਵਿੱਚ ਲਾਈਨਾਂ ਵਿੱਚ ਲੱਗਕੇ ਕੈਲਗਰੀ ਵਾਸੀਆਂ ਨੇ ਇਹ ਕਿਤਾਬ ਅਣਮਿੱਥੀ ਕੀਮਤ ਵਿੱਚ ਖਰੀਦੀ। ਪ੍ਰੋਗਰਾਮ ਦੇ ਆਖੀਰ ਵਿੱਚ ਇੰਕਾ ਸੀਨੀਅਰ ਸਿਟੀਜਨ ਸੁਸਾਇਟੀ ਦੇ ਪ੍ਰਧਾਨ ਸ: ਮੋਤਾ ਸਿੰਘ ਮਿਨਹਾਸ ਨੇ ਸਾਰਿਆਂ ਦੇ ਧੰਨਵਾਦ ਕੀਤਾ। ਕੁਲਵਿੰਦਰ ਕੁੱਕੀ ਅਤੇ ਮਨਜੀਤ ਰੂਪੋਵਾਲੀਆ ਨੇ ਫੁੱਲਾਂ ਦੇ ਗਲਦਸਤਿਆਂ ਨਾਲ ਅਸ਼ੋਕ ਬਾਂਸਲ ਮਾਨਸਾ ਨੂੰ ਜੀ ਆਇਆਂ ਨੂੰ ਆਖਿਆ। ਕੈਲਗਰੀ ਸਹਿਰ ਦੀਆਂ ਨਾਮਵਰ ਸ਼ਖਸ਼ੀਅਤਾਂ,ਜਿਹਨਾਂ ਵਿੱਚ ਐਮ ਐਲ ਏ ਗੁਰਿੰਦਰ ਬਰਾੜ, ਵਾਰਡ ਪੰਜ ਤੋਂ ਕੌਂਸਲਰ ਰਾਜ ਧਾਲੀਵਾਲ,ਡਾਕਟਰ ਹਰਜਿੰਦਰ ਸਿੰਘ ਵਾਲੀਆ, ਬਹਾਦਰ ਸਿੰਘ ਰਾਓ (ਸਾਬਕਾ ਡੀ ਐਸ ਪੀ ਪੰਜਾਬ ਪੁਲਿਸ ਐਂਡ ਸਾਈਕਲਿਸਟ) ਲੋਕ ਗਾਇਕ ਅਜੇ ਦਿਉਲ, ਲੋਕ ਗਾਇਕ ਬਲਜਿੰਦਰ ਢਿੱਲੋਂ , ਗੀਤਕਾਰ ਅਤੇ ਗਾਇਕ ਗੁਰਜੰਟ ਲੋਹਟਬੱਧੀ, ਲੋਕ ਗਾਇਕ ਹਰਜੀਤ ਗਿੱਲ,ਸੀ ਬੀ ਸੀ ਕਨੇਡਾ ਟੈਲੀਵਿਯਨ ਉੱਪਰ ਆਈਸ ਹਾਕੀ ਦੀ ਕੁਮੈਂਟਰੀ ਪੰਜਾਬੀ ਵਿੱਚ ਕਰਨ ਵਾਲੇ ਭੋਲਾ ਸਿੰਘ ਚੌਹਾਨ,ਸੁਖਜਿੰਦਰ ਸਮਰਾ, ਮੋਹਰ ਸਿੰਘ ਗਿੱਲ ਮਾਣੂੰਕੇ,ਸੱਤਪਾਲ ਕੌਸਲ,ਤੇਜਾ ਸਿੰਘ ਪ੍ਰੇਮੀ,ਜਸਵੰਤ ਸਿੰਘ ਕਪੂਰ,ਬਬਲਜੀਤ ਸਿੰਘ ਖਿਆਲਾ,ਹਤਿੰਦਰ ਜੋਗਾ,ਹਰਜਿੰਦਰ ਸਿੰਘ ਬੱਪੀਆਣਾ, ਮਨਪ੍ਰੀਤ ਸਿੰਘ ਰਾਇ ਮਾਨਸਾ, ਅਜੈਬ ਸਿੰਘ ਨਾਹਲ, ਹਰਵੀਰ ਸਿੰਘ ਰਣਦੇਵ,ਅਜੈਬ ਸਿੰਘ ਰਾਇ,ਗੁਰਮੀਤ ਕੌਰ ਸਰਪਾਲ, ਮੀਡੀਆ ਕਰਮੀ ਅਮਨਜੋਤ ਸਿੰਘ ਪੰਨੂੰ (ਰੈਡ ਐਫ ਐਮ) ਧਰਮਪ੍ਰੀਤ ਢਿੱਲੋਂ (ਰੈਡ ਐਫ ਐਮ) ਕੁਲਵਿੰਦਰ ਕੁੱਕੀ ਸੁਰਸੰਗਮ ਰੇਡੀਓ,ਜਸਵੀਰ ਸਿਹੋਤਾ, ਡਾਕਟਰ ਜੋਗਾ ਸਿੰਘ ਅਤੇ ਹੋਰਾਂ ਦੇ ਨਾਂ ਸਾਮਿਲ ਹਨ। ਫੋਟੋ ਗਰਾਫੀ ਦੀ ਜਿੰਮੇਬਾਰੀ ਗਗਨ ਜਟਾਣਾ ਨੇ ਨਿਭਾਈ।

ਅਗਲੇ ਸਫੇ ’ਤੇ ਜਾਰੀ

# ਪੰਜਾਬੀ ਦੇ ਅਣਮੁੱਲੇ,ਅਣਗੌਲੇ ਗੀਤਕਾਰਾਂ ਬਾਰੇ ਅਸ਼ੋਕ ਬਾਂਸਲ ਮਾਨਸਾ ਨੇ ਕੈਲਗਰੀ ਵਾਸੀਆਂ ਨਾਲ ਬਾਤ ਪਾਈ


## ਕੈਲਗਰੀ ਵਾਲਿਆਂ ਨੇ ਵੱਡੀ ਗਿਣਤੀ ਵਿੱਚ ਲਾਈਨਾਂ ਲਗਾ ਕੇ ਕਿਤਾਬ ਖਰੀਦੀ






































ਘਰ ਖਰੀਦਣਾ ਜਾਂ ਵੇਚਣਾ ਹੋਵੇ ਤਾਂ ਤਜ਼ਰਬੇਕਾਰ ਰੀਐਲਟਰ ਰਾਜ ਮੱਲ੍ਹੀ ਦੀ ਸਲਾਹ ਜਰੂਰ ਲੈ ਲਵੋ



RAJ MALHI
Real Estate Associate
403-619-6130
eXp REALTY
rajmalhiyyc@gmail.com

# ਖਡੂਰ ਸਾਹਿਬ ਦੇ ਵੱਕਾਰੀ ਸਕੂਲ ਦਾ ਸਾਲਾਨਾ ਸਮਾਗਮ ਯਾਦਗਾਰੀ ਰਿਹਾ






ਖਡੂਰ ਸਾਹਿਬ, ਜ਼ਿਲਾ ਤਰਨਤਾਰਨ ਵਿਖੇ ਕਾਰ ਸੇਵਾ ਵਾਲ਼ੇ ਬਾਬਾ ਸੇਵਾ ਸਿੰਘ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਬਾਬਾ ਗੁਰਮੁਖ ਸਿੰਘ ਬਾਬਾ ਉੱਤਮ ਸਿੰਘ ਸੀਨੀਅਰ ਸੈਕੰਡਰੀ ਸਕੂਲ ਦਾ 39ਵਾਂ ਸਾਲਾਨਾ ਇਨਾਮ-ਵੰਡ ਸਮਾਗਮ ਹੋਇਆ। ਜਸਟਿਸ ਹਰਿੰਦਰ ਸਿੰਘ ਸਿੱਧੂ (ਰੀਟਾਇਰ) ਪੰਜਾਬ ਹਰਿਆਣਾ ਹਾਈਕੋਰਟ ਮੁੱਖ ਮਹਿਮਾਨ ਵਜੋਂ ਅਤੇ ਸਰੀ, ਕੈਨੇਡਾ ਨਿਵਾਸੀ ਸੁਖਦੇਵ ਸਿੰਘ ਗਰੇਵਾਲ ਸਮਾਗਮ ਦੇ ਪ੍ਰਧਾਨ ਵਜੋਂ ਸ਼ਾਮਲ ਹੋਏ। ਸ਼ੁਰੂ ਵਿਚ ਸਕੂਲ ਦੇ ਵਿਦਿਆਰਥੀਆਂ ਨੇ 'ਸੰਤਾਂ ਕੇ ਕਾਰਜ ਆਪ ਖਲੋਆ' ਸ਼ਬਦ ਦਾ ਉਚਾਰਨ ਕੀਤਾ। ਫਿਰ ਸਵਾਗਤੀ ਗੀਤ ਪੇਸ਼ ਕੀਤਾ। ਸਕੂਲ ਦੀ ਪ੍ਰਿੰਸੀਪਲ ਮੈਡਮ ਮਮਤਾ ਕੌਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਬੜੇ ਪ੍ਰਭਾਵਸ਼ਾਲੀ ਢੰਗ ਨਾਲ਼ ਪੜ੍ਹੀ ਜਿਸ ਵਿਚ ਸਕੂਲ ਦੇ ਪਿਛੋਕੜ ਅਤੇ ਵਿਦਿਆਰਥੀਆਂ ਦੁਆਰਾ ਕੀਤੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਉਲੇਖ ਕੀਤਾ, ਸਕੂਲ ਅੰਦਰ ਪੜ੍ਹਾਈ, ਖੇਡਾਂ, ਵਾਤਾਵਰਣ ਦੀ ਸੰਭਾਲ਼ ਸਮੇਤ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ ਲਈ ਉਪਲਬਦ ਸਹੂਲਤਾਂ ਦਾ ਸੰਖੇਪ ਵੇਰਵਾ ਦਿੱਤਾ। ਇਸ ਉਪ੍ਰੰਤ ਸਾਰੀਆਂ ਜਮਾਤਾਂ ਦੇ ਸਾਲਾਨਾ ਇਮਤਿਹਾਨਾਂ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ ਉੱਤੇ ਆਉਣ ਵਾਲ਼ੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਹ ਰਸਮ ਪ੍ਰਾਇਮਰੀ ਵਿੰਗ ਦੇ ਇਨਾਮਪਾਤਰੀਆਂ ਲਈ ਸਰਦਾਰ ਸੁਖਦੇਵ ਸਿੰਘ ਨੇ ਅਤੇ ਸੀਨੀਅਰ ਵਿਦਿਆਰਥੀਆਂ ਲਈ ਜਸਟਿਸ ਹਰਿੰਦਰ ਸਿੰਘ ਸਿੱਧੂ ਨੇ ਨਿਭਾਈ। ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚੋਂ ਅੱਵਲ ਰਹਿਣ ਵਾਲ਼ੇ ਵਿਦਿਆਰਥੀਆਂ ਨੂੰ ਬਾਬਾ ਸੇਵਾ ਸਿੰਘ ਜੀ ਨੇ ਟੈਬ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ। ਬਾਬਾ ਜੀ ਨੇ ਉਨ੍ਹਾਂ ਦੀ ਲਿਆਕਤ ਅਤੇ ਮਿਹਨਤ ਸਦਕਾ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਅਸ਼ੀਰਵਾਦ ਦਿੱਤਾ। ਬੋਰਡ ਦੇ ਇਮਤਿਹਾਨਾਂ ਵਿਚ ਜ਼ਿਲੇ ਅਤੇ ਸੂਬੇ ਅੰਦਰ ਮੈਰਿਟ ਪੁਜ਼ੀਸ਼ਨਾਂ ਪ੍ਰਾਪਤ ਵਿਦਿਆਰਥੀਆਂ ਨੂੰ ਵੀ ਇਨਾਮ




ਪ੍ਰਦਾਨ ਕੀਤੇ ਗਏ। ਐਨ.ਡੀ.ਏ. ਦੀ ਲਿਖਤੀ ਪ੍ਰੀਖਿਆ ਪਾਸ ਕਰਨ ਵਾਲ਼ੇ 14 ਲੜਕਿਆਂ ਅਤੇ ਇੱਕ ਲੜਕੀ ਨੂੰ ਵੀ ਇਨਾਮ ਦੇ ਕੇ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਗਿਆ।

ਨਾਲੋ-ਨਾਲ ਵਿਦਿਆਰਥੀਆਂ ਦੁਆਰਾ ਸਿੱਖ ਧਰਮ, ਇਤਿਹਾਸ ਅਤੇ ਸੁੱਚੇ ਸਭਿਆਚਾਰ ਨਾਲ ਓਤ-ਪ੍ਰੋਤ ਰੰਗਾਰੰਗ ਪ੍ਰੋਗਰਾਮ ਚਲਦਾ ਰਿਹਾ। ਨਵਜੋਤ ਕੌਰ ਦੀ ਟੀਮ ਨੇ ਗੀਤ - ਸਦਾ ਨੀਂ ਰਹਿਣੇ ਮਾਪੇ, ਪਰਮੀਤ ਕੌਰ ਦੀ ਟੀਮ ਨੇ ਪੰਜ ਕਕਾਰਾਂ ਬਾਰੇ, ਸੀਨੀਅਰ ਵਿਦਿਆਰਥੀਆਂ ਨੇ ਕੋਰੀਓਗ੍ਰਾਫੀ - ਦਾਣਾ ਪਾਣੀ, ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ, ਹਰਮਨਦੀਪ ਸਿੰਘ ਤੇ ਸਾਥੀਆਂ ਨੇ ਨਾਟਕ - ਜ਼ਫ਼ਰਨਾਮਾ, ਪ੍ਰਾਇਮਰੀ ਟੀਮ ਨੇ ਕਵੀਸ਼ਰੀ - ਚਮਕੌਰ ਦੀ ਜੰਗ, ਸਿਹਤਮਈ ਬਨਾਮ ਜੰਕ ਫੂਡ ਦੀ ਸਕਿਟ, ਹਰਪ੍ਰੀਤ ਕੌਰ ਦੀ ਟੀਮ ਨੇ ਅੰਗ੍ਰੇਜ਼ੀ ਵਿਚ ਨਾਟਕ, ਸਿਮਰਪ੍ਰੀਤ ਸਿੰਘ ਤੇ ਸਾਥਣਾਂ ਨੇ ਕਵੀਸ਼ਰੀ - ਨਹੀਂ ਭੁੱਲਣਾ ਦੁੱਖ ਸੰਗਤਾਂ ਨੂੰ ਵਿੱਛੜੇ ਨਨਕਾਣੇ ਦਾ- ਦੀ ਕਮਾਲ ਦੀ ਪੇਸ਼ਕਾਰੀ ਰਾਹੀਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਵਿਦਿਆਰਥੀਆਂ ਨੇ ਗੱਤਕੇ ਦੇ ਜੌਹਰ ਵਿਖਾਏ। ਲੜਕਿਆਂ ਦਾ ਭੰਗੜਾ ਅਤੇ ਲੜਕੀਆਂ ਦਾ ਗਿੱਧਾ ਸਟੇਜ ਤੇ ਧਮਾਲ ਪਾ ਗਏ।

ਬਾਬਾ ਜੀ ਨੇ ਜਸਟਿਸ ਹਰਿੰਦਰ ਸਿੰਘ ਸਿੱਧੂ, ਸਰਦਾਰ ਸੁਖਦੇਵ ਸਿੰਘ ਗਰੇਵਾਲ, ਮੈਡਮ ਗੁਨੀਤ ਕੌਰ ਗਰੇਵਾਲ ਅਤੇ ਅਰਵਿੰਦ ਸਿੰਘ ਗਰੇਵਾਲ ਨੂੰ ਸਨਮਾਨਿਤ ਕੀਤਾ। ਬਾਬਾ ਜੀ ਨੇ ਜਗਦੇਵ ਸਿੰਘ ਸਿੱਧੂ, ਕੈਲਗਰੀ, ਰਵਿੰਦਰ ਸਿੰਘ (ਸੁਰ ਸਾਗਰ ਚੈਨਲ), ਦਵਿੰਦਰ ਸਿੰਘ (ਯੂ.ਐਸ.ਏ.) ਅਤੇ ਹਰਬੀਰ ਢਿੱਲੋਂ ਨੂੰ ਸਨਮਾਨ ਚਿੰਨ੍ਹ ਦੇ ਕੇ ਨਿਵਾਜਿਆ। ਜਸਟਿਸ ਹਰਿੰਦਰ ਸਿੰਘ ਸਿੱਧੂ ਨੇ ਸਾਰੇ ਪ੍ਰੋਗਰਾਮ ਅਤੇ ਸਕੂਲ ਦੀਆਂ ਪ੍ਰਾਪਤੀਆਂ ਦੀ ਭਰਪੂਰ ਪ੍ਰਸ਼ੰਸੀ ਕੀਤੀ। ਸਕੂਲ ਦੇ ਪ੍ਰਬੰਧਕਾਂ, ਅਧਿਆਪਕਾਂ, ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਯੋਗਦਾਨ ਨੂੰ ਸਲਾਹਿਆ। ਮੰਚ ਸੰਚਾਲਨ ਗੁਰਜਿੰਦਰ ਸਿੰਘ ਸਮੇਤ ਵਿਦਿਆਰਥਣਾਂ-ਮਹਿਕਰੋਜਪ੍ਰੀਤ ਕੌਰ ਅਤੇ ਨਵਨੀਤ ਕੌਰ ਨੇ ਕਮਾਲ ਦੀ ਕੁਸ਼ਲਤਾ, ਮੁਹਾਰਤ ਅਤੇ ਸਲੀਕੇ ਨਾਲ ਕੀਤਾ। ਸਕੂਲ ਦੇ ਡਾਇਰੈਕਟਰ ਸਰਦਾਰ ਹਰਜਿੰਦਰ ਸਿੰਘ ਨੇ ਸਾਰਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ਸਮਾਗਮ ਵਿਚ ਸ. ਅਵਤਾਰ ਸਿੰਘ ਬਾਜਵਾ, ਸਕੱਤਰ, ਭਾਈ ਵਰਿਆਮ ਸਿੰਘ ਸਕੱਤਰ, ਸ. ਹਰਨੰਦਨ ਸਿੰਘ, ਸਕੱਤਰ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਬਲਦੇਵ ਸਿੰਘ, ਇਲਾਕੇ ਦੀਆਂ ਪ੍ਰਮੁੱਖ ਹਸਤੀਆਂ, ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ, ਸਕੂਲਾਂ ਕਾਲਜਾਂ ਦੇ ਪ੍ਰਿੰਸੀਪਲ, ਅਧਿਆਪਕ ਅਤੇ ਵਿਦਿਆਰਥੀਆਂ ਦੇ ਮਾਪੇ ਮੌਜੂਦ ਸਨ। ਵੱਕਾਰੀ ਸਕੂਲ ਦਾ ਇਹ ਸਮਾਗਮ ਜਿੱਥੇ ਯਾਦਗਾਰੀ ਤੇ ਵਿਲੱਖਣ ਰਿਹਾ, ਉੱਥੇ ਅਨੁਕਰਣਯੋਗ ਸ਼ਾਨਦਾਰ ਪਿਰਤਾਂ ਵੀ ਪਾ ਗਿਆ।

**(ਰਿਪੋਰਟਕਾਰ ਜਗਦੇਵ ਸਿੱਧੂ)**

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਇਜ਼ਰਾਈਲ ਤੇ ਫ਼ਲਸਤੀਨ

ਪਹਿਲੀ ਸੰਸਾਰ ਜੰਗ ਤੋਂ ਪਹਿਲਾਂ ਭੂ ਮੱਧ ਸਾਗਰ ਅਤੇ ਜੌਰਡਨ ਨਹਿਰ ਦੇ ਵਿਚਕਾਰਲਾ ਖਿੱਤਾ, ਜਿਸ ਨੂੰ ਫਲਸਤੀਨ ਕਹਿੰਦੇ ਹਨ, ਔਟੋਮਨ ਸਾਮਰਾਜ ਦਾ ਹਿੱਸਾ ਸੀ। ਪਰ ਉਸ ਜੰਗ ਵਿੱਚ ਔਟੋਮਨ ਸਾਮਰਾਜ ਬਰਤਾਨੀਆ ਤੇ ਉਸ ਦੇ ਇਤਿਹਾਦੀਆਂ ਹੱਥੋਂ ਹਾਰ ਗਿਆ ਅਤੇ ਟੁਕੜਿਆਂ ਵਿੱਚ ਵੰਡਿਆ ਗਿਆ। ਇਸ ਕਾਰਨ ਫਲਸਤੀਨ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ ਜੋ ਕਿ 1948 ਤੱਕ ਚੱਲਿਆ। ਇਸ ਦੌਰਾਨ ਯਹੂਦੀ ਲੋਕਾਂ ਨੂੰ ਯੂਰਪ ਤੋਂ ਲਿਆ ਕੇ ਇਸ ਖਿੱਤੇ ਵਿੱਚ ਵਸਾਉਣ ਦਾ ਕੰਮ ਜ਼ੋਰ-ਸ਼ੋਰ ਨਾਲ ਚੱਲਦਾ ਰਿਹਾ। ਜਰਮਨੀ ਵਿੱਚ ਹਿਟਲਰ ਦੇ ਜ਼ੁਲਮਾਂ ਤੋਂ ਸਤਾਏ ਹੋਏ ਯਹੂਦੀ ਲੋਕ ਵੀ ਇੱਥੇ ਆ ਕੇ ਵਸਦੇ ਰਹੇ।

ਦਰਅਸਲ ਯਹੂਦੀ ਫਲਸਤੀਨ ਵਜੋਂ ਜਾਣੇ ਜਾਂਦੇ ਖਿੱਤੇ ਦੇ ਮੂਲ ਵਾਸੀ ਸਨ। ਯਹੂਦੀਵਾਦ (ਜੁਡਾਇਜ਼ਮ) ਇਸ ਖਿੱਤੇ ਦਾ ਅਸਲ ਮਜ਼ਹਬ ਸੀ। ਇਸੇ ਮਜ਼ਹਬ ਵਿੱਚੋਂ ਪਹਿਲਾਂ ਈਸਾਈ ਮੱਤ (ਕ੍ਰਿਸ਼ਚਿਐਨਿਟੀ) ਤੇ ਫਿਰ ਇਸਲਾਮ ਨਿਕਲਿਆ। ਯਹੂਦੀਆਂ ਨੂੰ ਆਪਣੇ ਧਾਰਮਿਕ ਅਕੀਦਿਆਂ ਕਾਰਨ ਪਹਿਲਾਂ ਰੋਮਨ ਸਾਮਰਾਜ ਫਿਰ ਇਸਾਈ ਮੱਤ ਦੇ ਧਾਰਨੀਆਂ ਅਤੇ ਫਿਰ ਇਸਲਾਮੀਆਂ ਹੱਥੋਂ ਬਹੁਤ ਜ਼ੁਲਮ ਝੱਲਣੇ ਪਏ। ਇਸੇ ਕਰਕੇ ਉਹ ਸ਼ਰਨਾਰਥੀ ਬਣ ਕੇ ਯੂਰਪ ਜਾ ਵੱਸੇ।

ਅਮਰੀਕਾ ਅਤੇ ਬਰਤਾਨੀਆ ਨੇ ਉਹਨਾਂ ਨਾਲ ਵਾਅਦਾ ਵੀ ਕੀਤਾ ਕਿ ਇਸ ਥਾਂ ਉੱਤੇ ਵਸਣ ਲਈ ਉਹਨਾਂ ਨੂੰ ਇੱਕ ਆਜ਼ਾਦ ਖਿੱਤਾ ਦਿੱਤਾ ਜਾਏਗਾ। ਜਦੋਂ 1948 ਵਿੱਚ ਫਲਸਤੀਨ, ਅੰਗਰੇਜ਼ਾਂ ਤੋਂ ਆਜ਼ਾਦ ਹੋਇਆ ਤਾਂ ਰਾਤੋ-ਰਾਤ ਇਥੇ ਇਜ਼ਰਾਈਲ ਨਾਮ ਦੇ ਦੇਸ਼ ਦੀ ਸਥਾਪਨਾ ਕਰ ਦਿੱਤੀ ਗਈ। ਅਰਬੀ ਮੁਸਲਮਾਨਾਂ ਨੇ ਇਸ ਨੂੰ ਆਪਣੀ ਹਿੱਕ ਉੱਤੇ ਪਿੱਪਲ ਲਾਏ ਜਾਣ ਵਜੋਂ ਲਿਆ ਅਤੇ ਇਸਦਾ ਡਟ ਕੇ ਵਿਰੋਧ ਸ਼ੁਰੂ ਕਰ ਦਿੱਤਾ। ਪਰ ਅਰਬ ਦੇਸ਼ਾਂ ਅਤੇ ਇਜ਼ਰਾਈਲ ਦੀਆਂ ਆਪਸੀ ਲੜਾਈਆਂ ਵਿੱਚ ਇਜ਼ਰਾਈਲ ਦਾ ਪਲੜਾ ਹਮੇਸ਼ਾ ਹੀ ਭਾਰੀ ਰਿਹਾ। ਇਸ ਸਮੇਂ ਬਾਕੀ ਬਚੇ ਫਲਸਤੀਨ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਹੈ। ਇੱਕ ਹਿੱਸੇ ਨੂੰ ਗਾਜ਼ਾ ਪੱਟੀ ਅਤੇ ਦੂਜੇ ਨੂੰ ਪੱਛਮੀ ਕਿਨਾਰਾ ਕਿਹਾ ਜਾਂਦਾ ਹੈ।

ਫਲਸਤੀਨ ਅਤੇ ਇਜ਼ਰਾਈਲ, ਦੋਵੇਂ ਦੇਸ਼ ਇੱਕ ਦੂਜੇ ਨੂੰ ਮਾਨਤਾ ਨਹੀਂ ਦਿੰਦੇ ਅਤੇ ਆਪਸ ਵਿੱਚ ਫੌਜੀ ਝੜਪਾਂ ਹਰ ਰੋਜ਼ ਹੀ ਹੁੰਦੀਆਂ ਰਹਿੰਦੀਆਂ ਹਨ। ਇਜ਼ਰਾਈਲ ਨੂੰ ਪੱਛਮੀ ਦੇਸ਼ਾਂ ਦਾ ਲੁਕਵਾਂ ਸਮਰਥਨ ਵੀ ਹੈ ਅਤੇ ਉਹ ਇੱਕ ਪਰਮਾਣੂ ਤਾਕਤ ਵੀ ਬਣ ਚੁੱਕਾ ਹੈ। ਇਸ ਤੋਂ ਇਲਾਵਾ ਉਸਨੇ ਪਿਛਲੇ ਛੇ-ਸੱਤ ਦਹਾਕਿਆਂ ਵਿੱਚ ਅਥਾਹ ਤਰੱਕੀ ਕੀਤੀ ਹੈ ਅਤੇ ਅੱਜ ਉਹ ਇੱਕ ਅਮੀਰ ਦੇਸ਼ ਵਜੋਂ ਸਥਾਪਤ ਹੋ ਚੁੱਕਾ ਹੈ ਜਿੱਥੇ ਲੋਕਾਂ ਦਾ ਜੀਵਨ ਪੱਧਰ ਵੀ ਫਲਸਤੀਨ ਅਤੇ ਅਰਬ ਦੇਸ਼ਾਂ ਦੇ




ਮੁਕਾਬਲੇ ਕਿਤੇ ਉੱਚਾ ਹੈ। ਉਹ ਇੱਕ ਅਜਿਹਾ ਦੇਸ਼ ਹੈ ਜਿਹੜਾ ਦੁਸ਼ਮਣਾਂ ਨਾਲ ਘਿਰਿਆ ਹੋਣ ਦੇ ਬਾਵਜੂਦ, ਧੌਣ ਉੱਚੀ ਕਰ ਕੇ ਜਿਉਂ ਰਿਹਾ ਹੈ।

**ਇਤਿਹਾਸ ਵੀ ਅਜੀਬ ਕਰਵਟਾਂ ਲੈਂਦਾ ਹੈ.**

ਅੱਜ ਅਸੀਂ ਇਜ਼ਰਾਇਲ ਵੱਲੋਂ ਫਿਲਸਤੀਨੀ ਮੁਸਲਮਾਨਾਂ ਉੱਤੇ ਕੀਤੀ ਜਾ ਰਹੀ ਬੰਬਾਰੀ ਦੀਆਂ ਖ਼ਬਰਾਂ ਪੜ੍ਹ ਕੇ ਇਜ਼ਰਾਇਲ ਦੇ ਯਹੂਦੀਆਂ ਨੂੰ ਸਿਰੇ ਦੇ ਜ਼ਾਲਿਮ ਸਮਝ ਸਕਦੇ ਹਾਂ. ਜ਼ਾਲਿਮ ਉਹ ਹਨ ਵੀ ਕਿਉਂਕਿ ਰਿਹਾਇਸ਼ੀ ਟਿਕਾਣਿਆਂ ਉੱਤੇ ਅੰਨੇਵਾਹ ਬੰਬਾਰੀ ਕਰਨੀ ਅਤੇ ਬੱਚਿਆਂ ਅਤੇ ਔਰਤਾਂ ਨੂੰ ਇਸ ਤਰਾਂ ਭੇਡਾਂ-ਬੱਕਰੀਆਂ ਵਾਂਗੂੰ ਮਾਰ ਦੇਣਾ ਕਿਸੇ ਵੀ ਤਰਾਂ ਸੱਭਿਅਕ ਕੌਮ ਦੀ ਨਿਸ਼ਾਨੀ ਨਹੀਂ.

ਪਰ ਅੱਜ ਤੋਂ 85 ਸਾਲ ਪਹਿਲਾਂ ਜਦੋਂ ਅਜੇ ਇਜ਼ਰਾਇਲ ਦਾ ਜਨਮ ਵੀ ਨਹੀਂ ਹੋਇਆ ਸੀ , ਉਦੋਂ ਅਰਬੀ ਮੁਸਲਮਾਨ ਵੀ ਯਹੂਦੀਆਂ ਉੱਤੇ ਇਸ ਤਰਾਂ ਦੇ ਹੀ ਜ਼ੁਲਮ ਕਰ ਰਹੇ ਸਨ. ਉਦੋਂ ਯਹੂਦੀ ਕਮਜ਼ੋਰ ਸਨ ਅਤੇ ਮੁਸਲਮਾਨ ਤਾਕਤਵਰ. ਪਰ ਅੱਜ ਇਜ਼ਰਾਇਲ ਇੱਕ ਵੱਡੀ ਪਾਵਰ ਹੈ ਅਤੇ ਫਿਲਸਤੀਨੀ ਨਿਤਾਣੇ ਬਣੇ ਹੋਏ ਹਨ.

ਇਸ ਲਈ ਗੱਲ ਧਰਮ ਦੀ ਨਹੀਂ ਹੈ, ਬਲਕਿ ਧਾਰਮਿਕ ਕੱਟੜਤਾ ਦੀ ਹੈ. ਸੋਚੋ ! ਜੇ ਅੱਜ ਫਿਲਸਤੀਨੀਆਂ ਕੋਲ ਇਜ਼ਰਾਇਲ ਜਿੰਨੀ ਤਾਕਤ ਹੁੰਦੀ ਤਾਂ ਉਹ ਕੀ ਘੱਟ ਗੁਜ਼ਾਰਦੇ ?

ਅੰਨ੍ਹਾ ਪਿਆਰ, ਅੰਨ੍ਹਾ ਜੋਸ਼, ਅੰਨ੍ਹੀ ਨਫ਼ਰਤ, ਅੰਨ੍ਹਾ ਰਾਸ਼ਟਰਵਾਦ ਅਤੇ ਅੰਨ੍ਹੀ ਕੱਟੜਤਾ ਹਮੇਸ਼ਾ ਖ਼ਤਰਨਾਕ ਹੀ ਹੁੰਦੇ ਹਨ.

(ਮੇਰੇ ਇੱਕ ਪੁਰਾਣੇ ਲੇਖ ਵਿੱਚੋਂ ਕੁਝ ਅੰਸ਼)

G.S. Gurdit

# ਉਹ ਵੇਲਾ ਯਾਦ ਕਰ



ਬਲਵਿੰਦਰ ਕੌਰ ਬਰਾੜ

403 590 9629



## ਚਿੱਠੀਆਂ ਪਾਉਣੀਆਂ ਭੁੱਲਗੇ ਜਦੋਂ ਦਾ ਟੈਲੀਫੋਨ ਲੱਗਿਆ

ਲੱਦ ਗਏ ਵਕਤਾਂ ਦੀ ਗੱਲ ਛੋਹਣ ਲੱਗੀ ਹਾਂ ਜਦ ਨੀਲੇ ਅਸਮਾਨੀ ਕਾਗਜ਼ਾਂ ਦਾ ਵੱਖਰਾ ਹੀ ਮੁੱਲ ਸੀ, ਉਸ ਦੀ ਉਡੀਕ ਤੇ ਖਿੱਚ ਹੁੰਦੀ ਸੀ। ਹਿੱਕ ਵਿਚਲਾ ਨਿੱਘ, ਮਾਵਾਂ ਦੀਆਂ ਅਸੀਸਾਂ ਜਾਂ ਮਹਿਬੂਬ ਦੇ ਪੋਟਿਆਂ ਦੀ ਛੋਹ ਵਾਲੀ ਮਹਿਕ ਅਤੇ ਸੁੱਚੇ ਬੋਲਾਂ ਲਈ ਔਸੀਆਂ ਪਾਈਆਂ ਜਾਂਦੀਆਂ ਸੀ। ਖ਼ਤਾਂ ਦਾ ਦੌਰ ਕਾਗਜ਼ੀ ਸੀ ਪਰ ਉਸ ਅੰਦਰਲੇ ਜਜ਼ਬਾਤ, ਅੰਦਰ ਵਸਦਾ ਸੰਸਾਰ ਹੰਢਣਸਾਰ ਅਤੇ ਸਾਂਭਣਯੋਗ ਹੁੰਦਾ ਸੀ। ਅੱਖਰਾਂ ਦੀਆਂ ਪਗਡੰਡੀਆਂ ਤੋਂ ਚੱਲ ਕੇ ਕਿਤੇ ਹੋਰ ਥਾਂ ਜਜ਼ਬਾਤ ਸਾਂਭੇ ਜਾਣ ਦਾ ਇਕ ਹੋਰ ਵਸੀਲਾ ਸੀ। ਜਿੱਥੇ ਅਸੀਂ ਪੰਘਰਦੀਆਂ ਭਾਵਨਾਵਾਂ, ਹੰਢਾਏ ਅਹਿਸਾਸ ਜਾਂ ਸੀਨੇ ਸਾਂਭ ਸਾਂਭ ਰੱਖੀਆਂ ਸੋਚਾਂ ਨੂੰ ਕਿਸੇ ਹੋਰ ਤੱਕ ਪਰੋਸਣ ਦਾ ਵਸੀਲਾ ਜੁਟਾਉਂਦੇ ਰਹੇ ਹਾਂ। ਅਜੇ ਉਂਗਲ ਦੇ ਪੋਟੇ ਨਾਲ ਹੀ ਉਮਰ ਭਰ ਦੀਆਂ ਯਾਦਾਂ ਮੇਟ ਦੇਣ ਦੀ ਕਾਹਲ ਪਲ਼ਦੀ ਵੱਲ ਵੇਖ ਸਾਡਾ ਇਹ ਅੱਖਰੀ ਹੀਲਾ ਤਹਿਸ ਨਹਿਸ ਹੋ ਜਾਣ ਜਿਹਾ ਖ਼ਦਸ਼ਾ ਮੰਡਰਾ ਰਿਹਾ ਲਗਦੈ। ਭਾਵਾਂ ਦੇ ਮਧੋਲੇ ਜਾਣ ਦਾ ਸਹਿਮ ਪਸਰਦਾ ਹੈ। ਪੰਜਾਬੀ ਅਖ਼ਬਾਰ ਦਾ ਮੁੱਖ ਸੰਪਾਦਕ ਹਰਬੰਸ ਬੁੱਟਰ ਇਕ ਥਾਂ ਲਿਖਦਾ ਹੈ -ਹੁਣ ਅਸੀਂ ਲਿਫਾਫਿਆਂ ਨੂੰ ਗੂੰਦ ਨਹੀਂ ਲਾਉਂਦੇ, ਅੰਦਰ ਕੋਈ ਜਜ਼ਬਾਤ ਹੋਵੇ ਤਾਂ ਬੰਦ ਕਰੀਏ। ਜਜ਼ਬਾਤਾਂ ਨੂੰ ਅੱਖਰਾਂ ਦੀ ਤਰਤੀਬ ਵਿਚ ਪਰੋ ਕੇ ਅਸੀਂ ਉਸੇ ਵੱਲ ਹੀ ਭੇਜਦੇ ਹਾਂ ਜੋ ਸੀਨੇ ਵਿਚ ਕਲਵਲ ਹੋ ਰਹੀਆਂ ਸੱਧਰਾਂ, ਅਣਮਾਣੇ ਪਲਾਂ ਦੀ ਦਾਸਤਾਨ ਜਾਂ ਸੁਲਘਦੇ ਅਹਿਸਾਸਾਂ ਵਿਚਲੀ ਕਸਕ ਦੀ ਥਾਹ ਪਾ ਸਕੇ। ਜੋ ਸਾਡੀਆਂ ਪਲਕਾਂ ਤੇ ਲਟਕਦੇ ਹੰਝੂਆਂ ਦਾ ਤਰਜੁਮਾ ਕਰ ਸਕੇ। ਖ਼ਤ ਕਈ ਵਾਰੀ ਤਿੜਕਦੇ ਰਿਸ਼ਤਿਆਂ ਵਿੱਚੋਂ ਖਾਰਜ ਹੋਏ ਨਿੱਘ ਦੇ ਗਵਾਹ ਬਣਦੇ ਹਨ। ਦੋ ਦੇਹੀਆਂ ਵਿਚਕਾਰ ਵਿਛੀ ਦੂਰੀ ਦੇ ਬਾਵਜੂਦ ਰੂਹਾਂ ਦੀ ਇਕੋ ਜੇਹੀ ਸਾਂਝ ਨੂੰ ਪਾਲਣ ਦਾ ਹੀਲਾ ਰਹੇ ਹਨ। ਹਰਫਾਂ ਅਤੇ ਅਹਿਸਾਸਾਂ ਦੀ ਇਹ ਦੁਨੀਆਂ ਪਲ਼ੀ ਸਾਂਝ ਦੀ ਤਵਾਰੀਖ ਸਾਂਭਦੀ ਹੈ।

ਮੋਬਾਈਲ ਫੋਨਾਂ ਨੇ ਅਜਿਹੀ ਦੁਨੀਆਂ ਵਿਚ ਨਿਭਦੇ ਰਿਸ਼ਤਿਆਂ ਨੂੰ ਜ਼ੰਗਾਲ਼ ਲਾ ਧਰਿਆ ਹੈ। ਜਦੋਂ ਅਣਪਚੇ, ਉਨੀਂਦਰੇ ਅਤੇ ਉੱਖੜੇ ਅਹਿਸਾਸ ਕਾਹਲੀ ਵਿਚ ਉਛਲਦੇ ਬੋਲਾਂ ਨਾਲ ਕੱਚੇ ਪਿੱਲੇ ਬੋਲ ਪਰੋਸਣ ਦੀ ਲੀਹ ਤੋਰੀ ਹੈ। ਅਣਭਿਜ ਜਿਹੇ ਵਟਾਏ ਇਨ੍ਹਾਂ ਬੋਲਾਂ ਵਿਚਲਾ ਖੋਖਲਾਪਣ ਸਭ ਨੂੰ ਅਖਰਦਾ ਹੈ। ਖਾਸ ਕਰ ਕੇ ਪਰਦੇਸਾਂ ਵਿਚ ਹੁਣ ਤੱਕ ਧੀਮੀ ਗਤੀ ਨਾਲ ਨਿਭਦਾ ਜੀਵਨ ਖ਼ਤਾਂ ਨੂੰ ਵੀ ਮਸਾਂ ਹੀ ਟੀਚੇ ਤੱਕ ਪੁਜਦਾ ਰਿਹਾ ਹੈ।

ਤਰਸਦੀਆਂ ਅੱਖੀਆਂ ਲਈ ਘਰੋਂ ਆਏ ਇਹ ਖ਼ਤ ਇਕ ਧਰਵਾਸ ਬਣਦੇ ਰਹੇ ਹਨ। ਮੈਂ 1991 ਵਿਚ ਨਿਊਯਾਰਕ ਵਿਖੇ ਕਿਸੇ ਨੌਜਵਾਨ ਨੂੰ ਖ਼ਤ ਲੈ ਕੇ ਵਾਸ਼ਰੂਮ ਜਾ ਕੇ ਪੜ੍ਹਦਾ ਰੋਂਦਾ ਸੁਣਿਆ ਸੀ। ਉਹ ਜਦੋਂ ਸਾਡੇ ਕੋਲ ਆ ਕੇ ਬੈਠਾ, ਉਸ ਦੀਆਂ ਅੱਖਾਂ ਵਰ੍ਹ ਚੁੱਕੀ ਬੱਦਲੀ ਵਾਂਗ ਸਨ। ਪੁੱਛੇ ਤੋਂ ਉਸ ਨੇ ਕਿਹਾ ਕਿ ਘਰ ਦਿਆਂ ਤੋਂ ਆਏ ਖ਼ਤ ਵਿਚ ਪੈਸੇ ਦੀ ਕਮੀ ਬਾਰੇ ਪੜ੍ਹ ਕੇ ਉਸ ਘਰੋਂ ਮੇਰੇ ਮਨਫ਼ੀ ਹੋਣ ਦੀ ਇਬਾਰਤ ਤਲਾਸ਼ ਕਰਦਿਆਂ ਰੋਣ ਆ ਗਿਆ। ਕਿਹਾ ਜਾਂਦਾ ਹੈ ਨੰਦ ਲਾਲ ਨੂਰਪੁਰੀ ਨੇ ਆਪਣੇ ਭਰਾ ਬਲਬੀਰੇ ਨੂੰ ਆਖਰੀ ਦਿਨਾਂ ਵਿਚ ਖ਼ਤ ਲਿਖਿਆ ਸੀ, ਮੈਨੂੰ ਐਮਰਜੈਂਸੀ ਦਾ ਪਤਾ ਹੈ ਪਰ ਸਾਹਾਂ ਦੀ ਖੇਡ ਦਾ ਕੀ ਪਤਾ, ਤੂੰ ਆ ਕੇ ਮਿਲ ਜਾ। ਪਰ ਉਹ ਮਿਲ ਨਹੀਂ ਸਕੇ ਸਨ। ਹੋਸਟਲਾਂ ਵਿਚ ਪੜ੍ਹਦੇ ਲੈਰ੍ਹੀ ਉਮਰ ਦੇ ਵਿਦਿਆਰਥੀਆਂ ਨੂੰ ਪਹਿਲਾਂ ਪਹਿਲਾਂ ਘਰ ਦਿਆਂ ਦਾ ਵਿਛੋੜਾ ਸੱਲਦਾ ਸੀ। ਉਹ ਘਰੋਂ ਆਏ ਖ਼ਤ ਨੂੰ ਅੱਖਾਂ ਨਾਲ, ਸੀਨੇ ਨਾਲ ਜਾਂ ਪੋਟਿਆਂ ਨਾਲ ਛੋਹ ਕੇ ਘਰ ਦੀ ਨਿੱਘੀ ਬੁੱਕਲ਼ ਨੂੰ ਯਾਦ ਕਰਦੇ ਸਨ। ਲਿਖੇ ਅੱਖਰਾਂ ਵਿੱਚੋਂ ਘਰ ਦਿਆਂ ਦੇ ਨਕ਼ਸ਼ ਉਘੜਦੇ ਸਨ। ਇਨ੍ਹਾਂ ਖ਼ਤਾਂ ਬਾਰੇ ਕਵੀ ਲਿਖਦਾ ਹੈ - ਮੈਨੂੰ ਰੋਜ਼ ਉਡੀਕ ਖ਼ਤਾਂ ਦੀ, ਸਿਖਰ ਦੁਪਹਿਰੇ ਰਹਿੰਦੀ ਹੈ। ਕਿਹਾ ਜਾਂਦਾ ਹੈ ਵਿਸ਼ਵ-ਯੁਧ ਸਮੇਂ ਲਿਖੀ ਇਕ ਚਿੱਠੀ 50 ਸਾਲ ਪਿੱਛੋਂ ਹੀ ਆਪਣੇ ਟਿਕਾਣੇ ਤੱਕ ਅਪੜ ਸਕੀ ਸੀ। ਅੱਖਰਾਂ ਤੋਂ ਅਨਜਾਣ ਲੋਕ ਆਪਣੀਆਂ ਸੋਚਾਂ, ਭਾਵਨਾਵਾਂ ਜਾਂ ਵਲਵਲੇ ਕਿਸੇ ਹੋਰ ਤੋਂ ਲਿਖਵਾ ਕੇ ਭੇਜਦੇ ਸਨ, ਜਿੱਥੇ ਲਿਖਤੁਮ ਸ਼ਬਦ ਵੱਖਰਾ ਖ਼ਤ ਲਿਖਣ ਵਾਲੇ ਨੇ ਆਪਣੀ ਹਾਜ਼ਰੀ ਭਰਦਿਆਂ ਲਿਖਿਆ ਹੁੰਦਾ ਸੀ।

ਕਿੱਥੇ ਤਾਂ ਬੋਲਾਂ, ਸੱਧਰਾਂ, ਰੀਝਾਂ ਨੂੰ ਹਾਣ ਦੇ ਅੱਖਰ ਨਹੀਂ ਸੁਝਦੇ ਕਿੱਥੇ ਤੀਜਾ ਲਿਖਤੁਮ ਵੀ ਅਬੋਲ ਸੱਧਰਾਂ ਨੂੰ ਪੁਣ ਕੇ, ਛਾਣ ਕੇ, ਕਸ਼ੀਦ ਕੇ ਅਪੜਾ ਰਿਹਾ ਹੋਵੇਗਾ। ਸਾਡੇ ਤੋਂ ਪਹਿਲੀ ਪੀੜ੍ਹੀ ਦੇ ਲੋਕ ਖ਼ਤਾਂ ਵਿਚ ਖੁਰਲੀ ਤੇ ਖੜ੍ਹੇ ਪਸ਼ੂ, ਕੁੱਤੇ ਜਾਂ ਬਿੱਲੀਆਂ ਦੀ ਵੀ ਹਾਜ਼ਰੀ ਭਰਦੇ ਘਰ ਦੀ ਜੀਵੰਤ ਤਸਵੀਰ ਪੇਸ਼ ਕਰਦੇ ਸਨ। ਖ਼ਤਾਂ ਦਾ ਅਜਿਹਾ ਸਿਲਸਿਲਾ ਹਰ ਮਨ ਅੰਦਰਲੀ ਸਿਰਜਣਾ ਦਾ ਸਬੂਤ ਰਿਹਾ ਹੈ। ਪਿਛਲੇ ਦੋ ਤਿੰਨ ਦਹਾਕਿਆਂ ਤੋਂ ਫੋਨ-ਸੁਨੇਹੇ ਸਦਕਾ ਭਾਸ਼ਾ ਨੀਰਸ, ਬੇ-ਰੁਖੀ ਜਾਂ ਸੂਚਨਾਮੁਖੀ ਹੋ ਗਈ ਹੈ। ਇਸ ਸੁਨੇਹੇ ਨਾਲ ਭਾਸ਼ਾ ਦੇ ਨਕਸ਼ ਵਿਗੜੇ ਹਨ। ਆਠਰੀ ਸੋਚ ਨਾਲ ਪਰੋਏ ਅੱਖਰਾਂ ਦੀ ਤਾਸੀਰ ਤੋਂ ਵਿਛੁੰਨੀ ਲਗਦੀ ਹੈ।

ਫੋਨ ਤੇ ਕੀਤੀਆਂ ਗੱਲਾਂ ਨੁੱਚੜੇ ਜਿਹੇ ਬੋਲਾਂ ਨਾਲ ਭਾਵੁਕਤਾ ਤੋਂ ਵਿਰਵੀਆਂ ਹੋ ਜਾਂਦੀਆਂ ਹਨ। ਕਿਸੇ ਦੇ ਲਿਖੇ ਖ਼ਤ ਦੇ ਅੱਖਰ ਹੀ ਅੰਦਰ ਵਸਾਈ ਦੁਨੀਆ ਨੂੰ ਆਬਾਦ ਕਰਦੇ ਰਹੇ ਹਨ ਜਿਸ ਲਈ ਔਸੀਆਂ ਪਾਈਆਂ ਜਾਂਦੀਆਂ ਸਨ। ਜਗਤਾਰ ਦੀ ਕਵਿਤਾ ਦੀਆਂ ਇਹ ਸਤਰਾਂ ਗੌਲਣਯੋਗ ਹਨ - ਹੈ ਦੁਆ ਮੇਰੀ ਕਿ ਹੋਵੇ ਹਰ ਖ਼ੁਸ਼ੀ ਤੈਨੂੰ ਨਸੀਬ

**ਸਹਿ ਸੁਭਾ ਵੀ ਪਰ ਕਦੇ ਅੱਖ<br>ਭਰੇ ਤਾਂ ਖ਼ਤ ਲਿਖੀਂ<br>ਜੋ ਤੇਰਾ ਤੀਰਥ, ਇਬਾਦਤ,<br>ਦੀਨ, ਦੁਨੀਆਂ ਸੀ ਕਦੇ<br>ਹੁਣ ਕਿਤੇ ਜਗਤਾਰ ਉਹ ਤੈਨੂੰ<br>ਮਿਲੇ ਤਾਂ ਖ਼ਤ ਲਿਖੀਂ।**

(ਚਿੱਠੀਆਂ ਦੀਆਂ ਕਿਸਮਾਂ ਬਾਰੇ ਅਗਲੇ ਅੰਕ ਵਿਚ)

# ਤੇਰੇ ਵਿੱਚੋਂ ਦਿਸਦਾ ਪੰਜਾਬ ਨੀ ਪੰਜਾਬਣੇ

ਤੋਰ ਤੇਰੀ ਵਿੱਚ ਹੈ, ਝਨਾਂ ਜਿਹੀ ਰਵਾਨੀ ਨੀ<br>ਜਿਹਲਮ ਜਿਹੀ ਜਾਪੇ, ਤੇਰੀ ਅੱਖ ਮਸਤਾਨੀ ਨੀ<br>ਬਿਆਸ ਵਾਂਗੂੰ ਪਵੇ, ਤੇਰਾ ਰੂਪ ਡੁਲ੍ਹ ਡੁਲ੍ਹ ਨੀ<br>ਸਤਲੁਜ ਵਾਂਗੂੰ ਜਾਣ, ਕੇਸ ਖੁਲ੍ਹ ਖੁਲ੍ਹ ਨੀ<br>ਰਾਵੀ ਜਿੰਨਾਂ ਤੇਰੇ ਤੇ, ਸ਼ਬਾਬ ਨੀ ਪੰਜਾਬਣੇ<br>ਤੇਰੇ ਵਿੱਚੋਂ ਦਿਸਦਾ ਪੰਜਾਬ ਨੀ ਪੰਜਾਬਣੇ

ਗਿੱਠ ਲੰਮੀਂ ਧੌਣ, ਜਿਉਂ ਸੁਰਾਹੀ ਕੋਈ ਕੱਚ ਦੀ<br>ਧੌਣ ਦੇ ਦੁਆਲੇ, ਕਾਲੀ ਗਾਨੀ ਕਿੰਨੀ ਜੱਚਦੀ<br>ਤਿੱਖਾ ਨੱਕ ਕਰਦਾ, ਕਟਾਰ ਜਿੰਨੀ ਵਾਰ ਨੀ<br>ਗੋਲ ਮੋਲ ਗੱਲ੍ਹਾਂ, ਜਿਵੇਂ ਚੰਬੇ ਦੇ ਪਹਾੜ ਨੀ<br>ਨੈਣ ਪਹਿਲੇ ਤੋੜ ਦੀ, ਸ਼ਰਾਬ ਨੀ ਪੰਜਾਬਣੇ<br>ਤੇਰੇ ਵਿੱਚੋਂ ਦਿਸਦਾ ਪੰਜਾਬ ਨੀ ਪੰਜਾਬਣੇ

ਵਾਲ ਜਦੋਂ ਖੋਲ੍ਹੇਂ ਜਾਪੇ ਸਾਉਣ ਘਟਾ ਆ ਗਈ<br>ਅੰਬਰਾਂ ਦੇ ਉੱਤੇ ਜਿਵੇਂ ਬੱਦਲੀ ਜੀ ਛਾ ਗਈ<br>ਮਸਤੀ 'ਚ ? ਝੂਮੇਂ ? ਜਿਵੇਂ ਵੈੜ੍ਹਕਾ ਨਾਗੌਰ ਦਾ<br>ਸੋਚ ਐਨੀ ਉੱਚੀ ਜਿਵੇਂ ਤਖਤ ਲਾਹੌਰ ਦਾ<br>ਰੰਗ ਤੇਰਾ ਜਾਪਦੈ ਗੁਲਾਲ ਨੀ ਪੰਜਬਣੇ<br>ਤੇਰੇ ਵਿੱਚੋਂ ਦਿਸਦਾ ਪੰਜਾਬ ਨੀ ਪੰਜਾਬਣ

ਚੰਡੀ ਬਣੀ ਜੰਗ 'ਚ ਜਾ ਚੁੱਕੇਂ ਤਲਵਾਰ ਨੀ<br>ਹੱਥ 'ਚ ਤਿਰੰਗਾ ਪਾਵੇਂ ਵੈਰੀ ਨੂੰ ਵੰਗਾਰ ਨੀ<br>ਉੱਚਾ ਕੀਤਾ ਦੇਸ਼ ਦਾ ਤੂੰ ਨਾਮ ਜਿਊਣ ਜੋਗੀਏ<br>'ਅਮਨ' ਦਾ ਦਿੱਤਾ ਤੂੰ ਪੈਗਾਮ ਜਿਊਣ ਜੋਗੀਏ<br>ਤੈਨੂੰ ਦੇਖ ਕੰਬਦੇ ਨਵਾਬ ਨੀ ਪੰਜਾਬਣੇ<br>ਤੇਰੇ ਵਿੱਚੋਂ ਦਿਸਦਾ ਪੰਜਾਬ ਨੀ ਪੰਜਾਬਣੇ

## ਰੁੱਖਾਂ ਸੰਗ ਸਾਡੀ ਸਾਂਝ ਪੁਰਾਣੀ

ਰੁੱਖਾਂ ਦੀ ਐ ਅਜਬ ਕਹਾਣੀ<br>ਇਹ ਰੁੱਖ ਮੇਰੀ ਰੂਹ ਦੇ ਹਾਣੀ

ਬੋਹੜ ਤਾਂ ਮੇਰੇ ਦਾਦੇ ਵਰਗਾ<br>ਪਾਕ ਪਵਿੱਤਰ ਕਾਅਬੇ ਵਰਗਾ

ਨਿੰਮ ਤਾਂ ਮੇਰਾ ਬਾਬਲ ਪਿਆਰਾ<br>ਸਭ ਰੋਗਾਂ ਦਾ ਕਰੇ ਨਿਪਟਾਰਾ

ਤੂਤ ਨੇ ਮੇਰੇ ਵੀਰ ਪਿਆਰੇ<br>ਸਾਰੀ ਉਮਰ ਦੇ ਬਣੇ ਸਹਾਰੇ


ਇਕ ਦੂਜੀ ਨੂੰ ਦੁੱਖ-ਸੁੱਖ ਕਹਿਣਾਂ<br>ਬਕਰੈਣਾਂ ਮੇਰੀਆਂ ਸਕੀਆਂ ਭੈਣਾਂ

ਟਾਹਲੀ ਮੇਰੀ ਬੁੱਢੀ ਦਾਦੀ<br>ਸਾਂਝੇ ਘਰ ਦੀ ਏਹੋ ਚਾਬੀ

'ਅਮਨ' ਨੂੰ ਲੋਰੀਆਂ ਦੇਵੇ ਆਪੇ<br>ਮਾਂ ਪਿੱਪਲ ਦੀ ਛਾਂ ਜਹੀ ਜਾਪੇ

ਰੁੱਖਾਂ ਸੰਗ ਸਾਡੀ ਸਾਂਝ ਪੁਰਾਣੀ<br>ਰੁੱਖਾਂ ਦੀ ਐ ਅਜਬ ਕਹਾਣੀ<br>ਇਹ ਰੁੱਖ ਮੇਰੀ ਰੂਹ ਦੇ ਹਾਣੀ

ਰੁੱਖਾਂ ਸੰਗ ਸਾਡੀ ਸਾਂਝ ਪੁਰਾਣੀ<br>ਰੁੱਖਾਂ ਦੀ ਐ ਅਜਬ ਕਹਾਣੀ<br>ਇਹ ਰੁੱਖ ਮੇਰੀ ਰੂਹ ਦੇ ਹਾਣੀ



ਅਮਨ ਸੰਧੂ

ਬੋਹੜ ਤਾਂ ਮੇਰੇ ਦਾਦੇ ਵਰਗਾ<br>ਪਾਕ ਪਵਿੱਤਰ ਕਾਅਬੇ ਵਰਗਾ<br>ਨਿੰਮ ਤਾਂ ਮੇਰਾ ਬਾਬਲ ਪਿਆਰਾ<br>ਸਭ ਰੋਗਾਂ ਦਾ ਕਰੇ ਨਿਪਟਾਰਾ

ਤੂਤ ਨੇ ਮੇਰੇ ਵੀਰ ਪਿਆਰੇ<br>ਸਾਰੀ ਉਮਰ ਦੇ ਬਣੇ ਸਹਾਰੇ

ਇਕ ਦੂਜੀ ਨੂੰ ਦੁੱਖ-ਸੁੱਖ ਕਹਿਣਾਂ<br>ਬਕਰੈਣਾਂ ਮੇਰੀਆਂ ਸਕੀਆਂ ਭੈਣਾਂ

ਟਾਹਲੀ ਮੇਰੀ ਬੁੱਢੀ ਦਾਦੀ<br>ਸਾਂਝੇ ਘਰ ਦੀ ਏਹੋ ਚਾਬੀ

'ਅਮਨ' ਨੂੰ ਲੋਰੀਆਂ ਦੇਵੇ ਆਪੇ<br>ਮਾਂ ਪਿੱਪਲ ਦੀ ਛਾਂ ਜਹੀ ਜਾਪੇ

ਰੁੱਖਾਂ ਸੰਗ ਸਾਡੀ ਸਾਂਝ ਪੁਰਾਣੀ<br>ਰੁੱਖਾਂ ਦੀ ਐ ਅਜਬ ਕਹਾਣੀ<br>ਇਹ ਰੁੱਖ ਮੇਰੀ ਰੂਹ ਦੇ ਹਾਣੀ

For All your Exterior Needs

B.B.S. Exterior

Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.

403.714.0455

bbsexterior@gmail.com

# ਆ ਬਦਲੀ ਵੇਖ ਨੁਹਾਰ ਕੁੜੇ, ਮੁੜ ਖੇਤੀਂ ਗੇੜਾ ਮਾਰ ਕੁੜੇ



ਜਗਦੇਵ ਸਿੱਧੂ
403 351 1136

ਭਲੀਏ ਲੋਕੇ, ਜੇ ਤੈਨੂੰ ਪੰਜਾਹ-ਸੱਠ ਸਾਲ ਹੋ ਗਏ ਨੇ ਪਿੰਡ ਛੱਡੇ ਨੂੰ, ਤਾਂ ਹੁਣ ਸਬੱਬੀਂ ਸਹੀ, ਪਰ ਪਿੰਡ ਜ਼ਰੂਰ ਆਈਂ। ਇਹ ਪਹਿਲਾਂ ਦੱਸ ਦਿਆਂ ਕਿ ਨਾ ਤਾਂ ਤੈਨੂੰ ਪਿੰਡ ਵੜਦਿਆਂ ਪਿੰਡ ਦੀ ਪਛਾਣ ਆਉਣੀ ਐਂ ਤੇ ਨਾ ਹੀ ਖੇਤ ਵੇਖ ਕੇ ਲੱਗਣੈ ਕਿ ਇਹ ਓਹੀ ਖੇਤ ਹਨ। ਨਾ ਤਾਂ ਤੈਨੂੰ ਵਿੰਗੇ-ਟੇਢੇ ਰੇਤਲੇ ਪਹਿਆਂ ਵਾਲ਼ੇ ਰਾਹ ਦਿਸਣਗੇ, ਜਿਨ੍ਹਾਂ ਦੀਆਂ ਵੱਡੀਆਂ-ਵੱਡੀਆਂ ਵੱਟਾਂ 'ਤੇ ਮਲ਼ੇਹ, ਕਰੀਰ, ਝਾੜੀਆਂ, ਧਾਮਣ, ਅਲ਼ੇਹਾ ਵਗੈਰਾ ਹੁੰਦੇ ਸਨ, ਨਾ ਖੇਤਾਂ ਵਿਚ ਪਈਆਂ ਡੰਡੀਆਂ ਦਿਸਣਗੀਆਂ। ਹੋਰ ਤਾਂ ਹੋਰ, ਖੇਤਾਂ ਵਿਚ ਬੇਰੀਆਂ, ਜੰਡ, ਕਰੀਰ, ਵਣ, ਟਾਹਲੀਆਂ, ਕਿੱਕਰਾਂ ਦੀ ਥਾਂ ਸਫੈਦੇ, ਪਾਪਲਰ ਜਾਂ ਡੇਕਾਂ-ਬਕੈਣਾਂ ਦੇ ਦਰਖਤ ਦਿਸਣਗੇ। ਰਾਹ ਵੀ ਤੱਕਲ਼ੇ ਵਰਗੇ ਸਿੱਧੇ ਹੋ ਗਏ ਹਨ। ਇਹ ਕੱਚੇ ਨਹੀਂ, ਪੱਕੀਆਂ ਸੜਕਾਂ ਹਨ। ਇਨ੍ਹਾਂ ਵਿਚ ਰੇਤਾ ਤੇ ਭੱਖੜਾ ਨਹੀਂ। ਤੈਨੂੰ ਹੁਣ ਇਹ ਨਹੀਂ ਕਹਿਣਾ ਪਵੇਗਾ – ਗੋਦੀ ਚੱਕ ਲੈ ਮਲਾਹਜ਼ੇਦਾਰਾ, ਭੱਖੜੇ ਨੇ ਪੈਰ ਖਾ ਲਏ। – ਜੁੱਤੀ ਲਗਦੀ ਹਾਣੀਆਂ ਮੇਰੇ, ਪੁੱਟ ਨਾ ਪਲ਼ਾਂਘਾਂ ਲੰਮੀਆਂ। ਰਾਹਾਂ ਵਿਚ ਚੀਚੂੰ-ਚੀਚੂੰ ਕਰਦੇ ਗੱਡੇ ਨਹੀਂ ਰਹੇ, ਨਾ ਰਹੇ ਬਲਦ ਤੇ ਊਠ, ਹੁਣ ਤਾਂ ਸੜਕਾਂ ਉਪਰ ਸਕੂਟਰ, ਮੋਟਰਸਾਈਕਲ, ਕਾਰਾਂ, ਟਰੈਕਟਰ, ਬਸਾਂ ਜਾਂ ਸਕੂਲ-ਵੈਨਾਂ ਹੀ ਦਿਸਣਗੀਆਂ। ਇਹ ਕੁਛ ਦੇਖ ਕੇ ਭਮੱਤਰ ਨਾ ਜਾਈਂ, ਨਹੀਂ ਤਾਂ ਖੇਤਾਂ ਦੀ ਦਸ਼ਾ (ਜਾਂ ਦੁਰਦਸ਼ਾ) ਦੇਖਣ ਜੋਗੀ ਨਹੀਂ ਰਹਿਣੀ। ਤੇਰਾ ਓਹ ਵੇਲ਼ਾ ਹੋਰ ਸੀ ਜਦੋਂ ਮਾਰੂ ਵਾਹਣ ਤੇ ਟਿੱਬੇ ਜਾਂ ਤਾਂ ਖਾਲੀ ਰਹਿੰਦੇ ਸਨ ਜਾਂ ਕਿਤੇ ਕਿਤੇ ਬਾਜਰਾ, ਗੁਆਰਾ, ਮੋਠ, ਛੋਲੇ, ਤਾਰਾਮੀਰਾ ਹੋ ਜਾਂਦੇ ਸਨ, ਓਹ ਵੀ ਰੱਬ ਆਸਰੇ, ਮੀਂਹਾਂ ਸਹਾਰੇ। ਹਾਂ ਸੱਚ, ਹੁਣ ਕਿਸੇ ਨੂੰ ਬਾਜਰੇ ਦੇ ਖੇਤਾਂ ਵਿਚ ਮਨ੍ਹੇ 'ਤੇ ਚੜ੍ਹ ਕੇ ਗੋਪੀਆ ਫੜ ਕੇ ਹੋਕਰੇ ਮਾਰ ਕੇ ਜਾਨਵਰ ਉਡਾਉਣ ਦੀ ਲੋੜ ਨਹੀਂ ਤੇ ਨਾ ਹੀ ਇਹ ਕਹਿਣ ਦੀ – ਤੇਰੇ ਬਾਜਰੇ ਦੀ ਰਾਖੀ ਅੜਿਆ ਮੈਂ ਨਾ ਬਹਿੰਦੀ ਵੇ, ਭੈੜੇ ਬੋਲ ਸ਼ਰੀਕਣੀਆਂ ਦੇ ਅੜਿਆ ਮੈਂ ਨਾ ਸਹਿੰਦੀ ਵੇ। ਖਿਚੜੀ ਵਾਸਤੇ ਬਾਜਰਾ ਕੁੱਟ ਕੇ ਸੁਕਾਉਣ ਦੀ ਵੀ ਨੌਬਤ ਨਹੀਂ ਆਉਣੀ ਤੇ ਨਾ ਇਹ ਕਹਿਣ ਦੀ – ਕੁੱਟ-ਕੁੱਟ ਬਾਜਰਾ ਮੈਂ ਕੋਠੇ ਉੱਤੇ ਪੌਣੀਆਂ, ਹਾਇ ਵੇ ਮੇਰਿਆ ਹਾਣੀਆਂ ਮੈਂ ਕੋਠੇ ਉੱਤੇ ਪੌਣੀਆਂ, ਔਣਗੇ ਕਾਗ ਖਿੰਡਾ ਜਾਣਗੇ, ਵੇ ਸਾਨੂੰ ਨਵਾਂ ਪੁਆੜਾ ਪਾ ਜਾਣਗੇ। ਜਦੋਂ ਬਾਜਰੇ ਨਹੀਂ ਰਹੇ ਤਾਂ ਵੱਟਾਂ 'ਤੇ ਮੋਠ ਕਿੱਥੇ, ਨਾ ਹੀ ਮਤੀਰੇ ਰਹੇ। ਛੋਲੇ ਨਹੀਂ ਹੁੰਦੇ ਤਾਂ ਛੋਲੀਆ ਕਿੱਥੇ, ਭਲਾ ਹੋਲ਼ਾਂ ਕਿਵੇਂ ਕਰੀਏ। ਊਠ, ਗੁਆਰੇ ਅਤੇ ਛੰਨੇ ਨਹੀਂ ਰਹੇ ਤਾਂ ਕੋਈ ਭੈਣ ਪੇਕਿਆਂ ਤੋਂ ਮਿਲਨ ਆਏ ਵੀਰ ਨੂੰ ਇਹ ਕਿਵੇਂ ਕਹੇਗੀ – ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲ਼ੀਆਂ, ਤੈਨੂੰ ਵੀਰਾ ਦੁੱਧ ਦਾ ਛੰਨਾ।

ਓਹ ਵੇਲ਼ਾ ਹੋਰ ਸੀ ਜਦੋਂ ਅੱਧ-ਪਚੱਧੀ ਪੱਧਰੀ ਜ਼ਮੀਨ ਨੂੰ ਨਹਿਰੀ ਪਾਣੀ ਲਗਦਾ ਸੀ, ਬਾਕੀ ਖਾਲੀ ਰਹਿੰਦੀ ਸੀ। ਏਥੇ ਪਸ਼ੂ ਚਰਦੇ ਸਨ – ਗਾਈਆਂ ਦੇ ਵੱਗ ਛਿੜਦੇ ਸਨ, ਭੇਡਾਂ ਬੱਕਰੀਆਂ ਦੇ ਇੱਜੜ ਚਰਦੇ ਸਨ, ਪਰ ਹੁਣ ਤਾਂ ਇੱਕ ਇੰਚ ਜ਼ਮੀਨ ਖਾਲੀ ਨਹੀਂ ਰਹੀ, ਸਾਰੀ ਜ਼ਮੀਨ ਸਿੰਜਾਈ ਹੇਠ ਹੈ, ਫਸਲਾਂ ਲਹਿਲਹਾਉਂਦੀਆਂ ਹਨ। ਜਦੋਂ ਇੱਜੜਾਂ ਲਈ ਚਰਾਂਦਾਂ ਹੀ ਨਹੀਂ ਰਹੀਆਂ ਤਾਂ ਇਹ ਹੇਕ ਵੀ ਕਿਸੇ ਆਜੜੀ ਨੇ ਨਹੀਂ ਲਾਉਣੀ – ਹਾਕਾਂ ਮਾਰਦੇ ਬੱਕਰੀਆਂ ਵਾਲ਼ੇ ਨੀਂ ਬੱਲੀਏ ਰੁਮਾਲ ਭੁੱਲ ਗਈ। ਓਦੋਂ ਨਹਿਰੀ ਬੰਦੀ ਆਈ ਰਹਿੰਦੀ ਸੀ, ਪਾਣੀ ਦੀ ਵਾਰੀ ਉਡੀਕਦੇ ਤੇ ਬੱਦਲ਼ਾਂ ਨੂੰ ਵੇਖਦੇ ਰਹਿੰਦੇ ਸਾਂ ਪਰ ਹੁਣ ਤਾਂ ਟਿੱਬਿਆਂ ਦੇ ਸਿਰ 'ਤੇ ਮੋਟਰਾਂ ਗੂੰਜਦੀਆਂ ਹਨ ਤੇ ਦਰਲ-ਦਰਲ ਪਾਣੀ ਦੀ ਧਾਰ ਪੈਂਦੀ ਹੈ। ਹੁਣ ਤੈਨੂੰ ਖਾਲ਼ ਟੱਪਣ ਦੀ ਲੋੜ ਨਹੀਂ ਪੈਣੀ, ਨਾ ਇਹ ਕਹਿਣ ਦੀ – ਭੱਜੀ-ਭੱਜੀ ਆਈ ਸੀ ਮੈਂ ਟਾਹਲੀਆਂ ਦੇ ਹੇਠ ਦੀ, ਟੱਪਿਆ ਸੀ ਖਾਲ਼ ਮੈਂ ਆਵਾਜ਼ ਸੁਣ ਜੇਠ ਦੀ। ਪਹਿਲਾਂ ਪੱਕੇ ਖਾਲ਼ ਬਣੇ, ਹੁਣ ਤਾਂ ਜ਼ਮੀਨਦੋਜ਼ ਪਲਾਸਟਿਕ ਦੀਆਂ ਪਾਈਪਾਂ ਪਾ ਰੱਖੀਆਂ ਹਨ। ਪਾਣੀ ਵੱਢਣ ਦੀ ਲੋੜ ਨਹੀਂ ਨਾ ਨੱਕਾ ਮੋੜਨ ਦੀ। ਜੁਗਾੜੀ ਜੱਟ ਨੇ ਮੋਟਰਾਂ 'ਤੇ 'ਭਈਏ' (ਸੈਲਫ ਸਟਾਰਟਰ) ਲਾ ਰੱਖੇ ਹਨ, ਜਦੋਂ ਬਿਜਲੀ ਆਉਂਦੀ ਹੈ, ਮੋਟਰ ਆਪੇ ਚੱਲ ਪੈਂਦੀ ਹੈ, ਬੰਬੀ ਧਾਰ ਔਹ ਮਾਰਦੀ ਐ। ਕਿੱਲੇ-ਕਿੱਲੇ ਦੇ ਤਾਂ ਕਿਆਰੇ ਪਾ ਰੱਖੇ ਹਨ।

ਐਨਾ ਸਦੇਹਾਂ ਉੱਠਣ ਦੀ ਲੋੜ ਨਹੀਂ। ਓਦੋਂ ਤਾਂ ਸੂਰਜ ਦੀ ਟਿੱਕੀ ਚੜ੍ਹਦੀ ਨੂੰ ਕਈ ਹਲ਼ਾਵਾਂ ਵਾਹ ਲੈਂਦੇ ਸਾਂ ਜਾਂ ਮੱਕੀ-ਨਰਮੇ ਦਾ ਕਿਆਰਾ ਗੁੱਡ ਲੈਂਦੇ ਸਾਂ, ਚੁੱਲ੍ਹੇ ਅੱਗ ਬਾਲ਼ ਲਈਦੀ ਸੀ, ਦੁੱਧ ਰਿੜਕ ਲਈਦਾ ਸੀ, ਬਹੁਕਰ ਮਾਰ ਲਈਦੀ ਸੀ, ਚੱਕੀ ਝੋ ਲਈਦੀ ਸੀ, ਗੋਹਾ ਕੂੜਾ ਕਰ ਕੇ ਪਾਥੀਆਂ ਪੱਥ ਲਈਦੀਆਂ ਸਨ। ਧਨੀ ਰਾਮ ਚਾਤ੍ਰਿਕ ਨੇ ਜਦੋਂ ਲਿਖਿਆ ਸੀ, ਉਹ ਵੇਲ਼ੇ ਲੱਦ ਗਏ – ਚਿੜੀ ਚੂਕਦੀ ਨਾਲ਼ ਜਾਂ ਤੁਰੇ ਪਾਂਧੀ, ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ। ਖੇਤ ਕੰਮ ਕਰਦਿਆਂ ਖਾਤਰ ਸੁਆਣੀਆਂ ਭੱਤਾ ਲੈ ਕੇ ਜਾਂਦੀਆਂ ਸਨ, ਪਰ ਫ਼ਿਕਰ ਨਾ ਕਰੀਂ, ਹੁਣ ਤਾਂ ਕਿਸੇ ਨੂੰ ਇਹ ਵੀ ਨਹੀਂ ਪਤਾ ਕਿ ਭੱਤਾ ਕੀ ਹੁੰਦਾ ਹੈ। ਕੋਈ ਵੀ ਵੱਡੇ ਦਿਨ ਚੜ੍ਹੇ ਤੋਂ ਪਹਿਲਾਂ ਅਤੇ ਰੋਟੀ ਖਾਧੇ ਬਿਨਾ ਖੇਤ ਨਹੀਂ ਜਾਂਦਾ। ਟਰੈਕਟਰ ਜੋ ਆ ਗਏ। ਦਿਨਾਂ ਦਾ ਕੰਮ ਘੰਟਿਆਂ



ਵਿਚ ਖ਼ਤਮ। ਤੈਨੂੰ ਕਿੰਨਾ ਅਜੀਬ ਲੱਗਿਆ ਸੀ ਜਦੋਂ 'ਹਾਈ ਰਿਵਰ' ਦੇ 'ਹੈਰੀ ਫਾਰਮ' ਵਾਲ਼ੀ ਗਿੱਕ ਭੈਣ ਨੇ ਦੱਸਿਆ ਸੀ ਕਿ ਟਰੈਕਟਰ ਇੱਕ ਦਿਨ ਵਿਚ 400 ਏਕੜ ਜ਼ਮੀਨ ਵਿਚ ਕਣਕ ਦੀ ਬਿਜਾਈ ਕਰ ਦਿੰਦਾ ਹੈ। ਦੁੱਧ ਰਿੜਕਣ ਅਤੇ –ਚਾਈਂ ਚਾਈਂ ਦੁੱਧ ਰਿੜਕਾਂ– ਗੁਣਗੁਨਾਉਣ ਦੀ ਲੋੜ ਨਹੀਂ, ਦੁੱਧ ਤਾਂ ਡੇਅਰੀਆਂ ਵਿਚ ਪਾ ਦੇਈਦਾ ਹੈ। ਪਾਥੀਆਂ ਕਾਹਦੇ ਲਈ ਪੱਥਣੀਐਂ, ਰਸੋਈ ਵਿਚ ਗੈਸ ਸਟੋਵ ਭਲਾ ਕਾਹਦੇ ਲਈ ਰੱਖਿਐ। ਹੁਣ ਤੈਨੂੰ ਘਰ ਵਿਚ ਮਧਾਣੀ, ਰਿੜਕਣਾ (ਚਾਟੀ), ਕਾੜ੍ਹਨੀ, ਤੌੜੀ, ਹਾਰੇ, ਚੱਕੀ, ਉੱਖਲ਼ੀ, ਮੂੰਗਲ਼ੀ, ਕੂੰਡਾ-ਸੋਟਾ, ਚਰਖੇ, ਅਟੇਰਨ, ਊਰੀ, ਛੱਜ, ਛਾਨਣੇ ਤੇ ਹੋਰ ਲਕਾ-ਤੁਕਾ ਕਿਸੇ ਨੁੱਕਰ ਵਿਚ ਵੀ ਨਹੀਂ ਲੱਭਣੇ। ਐਵੇਂ ਤਾਂ ਨਹੀਂ ਕਿਸੇ ਨੇ ਕਿਹਾ ਸੀ – ਚੱਕੀ ਛੁੱਟ ਗਈ ਚੁੱਲ੍ਹੇ ਨੇ ਛੁੱਟ ਜਾਣਾ।

ਸੌਣ ਦਾ ਮਹੀਨਾ ਪਹਿਲਾਂ ਵਾਗ ਹੀ ਆਉਂਦਾ ਹੈ ਪਰ ਤੀਆਂ ਨਹੀਂ ਲਗਦੀਆਂ। ਨਾ ਤਾਂ ਬੋਹੜਾਂ-ਪਿੱਪਲ਼ਾਂ ਉੱਤੇ ਪੀਂਘਾਂ ਪੈਂਦੀਆਂ ਹਨ, ਨਾ ਆਥਣੇ ਪਿੜਾਂ ਵਿਚ ਮੁਟਿਆਰਾਂ ਦਾ ਗਿੱਧਾ ਪੈਂਦਾ ਹੈ। ਹੁਣ ਕੌਣ ਕਹੇ –ਵਰ੍ਹੇ ਦਿਨਾਂ ਨੂੰ ਫੇਰ ਤੀਆਂ ਤੀਜ ਦੀਆਂ, –ਬਾਹਲ਼ੇ ਨੀਂ ਭਰਾਵਾਂ ਵਾਲ਼ੀਏ ਤੈਨੂੰ ਤੀਆਂ ਨੂੰ ਲੈਣ ਨਾ ਆਏ, – ਮਾਮਾ ਖੱਟੀ ਚੁੰਨੀ ਲਿਆਦੇ ਤੀਆਂ ਜ਼ੋਰ ਲੱਗੀਆਂ। ਤੀਆਂ ਨਹੀਂ ਤਾਂ ਪਿੜ ਵੀ ਨਹੀਂ ਰਹੇ। ਫਸਲ ਤਾਂ ਖੜ੍ਹੀ-ਖੜ੍ਹਾਈ ਕੰਬਾਈਨ ਨੇ ਵੱਢ-ਕੱਢ ਦੇਣੀ ਐਂ। ਦਾਣੇ ਖੇਤੋਂ ਸਿੱਧੇ ਮੰਡੀ 'ਚ। ਐਵੇਂ ਨਾ ਸੋਚੀਂ ਬਈ ਕੋਈ ਕਸੀਏ ਨਾਲ਼ ਨਰਮਾ ਗੁੱਡਦੇ ਹੋਣਗੇ ਜਾਂ ਰੰਬੇ ਨਾਲ਼ ਮੱਕੀ ਜਾਂ ਕਸੌਲੀ ਨਾਲ਼ ਕਣਕ ਗੁੱਡਦੇ ਹੋਣਗੇ, ਬਿਲਕੁਲ ਨਹੀਂ। ਭਲਾ ਸਪਰੇਆਂ (ਨਦੀਨ ਨਾਸ਼ਕ) ਹੋਰ ਕਾਹਦੀ ਖਾਤਰ ਆਈਆਂ ਨੇ। ਇਹ ਕੰਮ ਵੀ ਟਰੈਕਟਰ ਮਹਾਸ਼ਾ ਕਰਦੈ। ਇਹ ਵੀ ਓਦੋਂ ਦੀਆਂ ਬੇਹੀਆਂ ਗੱਲਾਂ ਹਨ ਬਈ ਕਣਕ ਵੱਢ ਕੇ ਮੰਡਲ਼ੀਆਂ ਲਾਉਣੀਆਂ, ਪਿੜਾਂ ਵਿਚ ਢੋਣੀਆਂ, ਊਠਾਂ-ਬਲ਼ਦਾਂ ਮਗਰ ਫਲ਼੍ਹਾ ਪਾ ਕੇ ਗਾਹੁਣੀਆਂ, ਧੜ ਉਡਾਉਣੀ, ਛਜਲੀ ਲਾਉਣੀ, ਦੋੜਿਆਂ ਦੀਆਂ ਪੰਡਾਂ ਬੰਨ੍ਹ ਕੇ ਤੂੜੀ ਢੋਣੀ ਪਰ ਹੁਣ ਕੰਬਾਈਨ ਕੁਰ ਸਭ ਨਿਬੇੜ ਦਿੰਦੀਐ। ਫਸਲਾਂ ਦੀ ਵੰਨ-ਸੁਵੰਨਤਾ ਤਾਂ ਬੀਤੇ ਦੀ ਗੱਲ ਹੈ। ਕਪਾਹ, ਨਰਮਾ, ਮੂੰਗਫਲ਼ੀ, ਗੁਆਰਾ, ਬਾਜਰਾ, ਮੋਠ, ਮੂੰਗੀ, ਮੱਕੀ, ਤਿਲ਼ ਦੇ ਖੇਤ ਤਾਂ ਝੋਨੇ ਨੇ ਸਾਂਭ ਲਏ। ਤਕਰੀਬਨ ਚਾਰ ਮਹੀਨੇ ਸਾਰੇ ਖੇਤ ਝੀਲਾਂ ਬਣੇ ਰਹਿੰਦੇ ਹਨ। ਹੇਠਲਾ ਪਾਣੀ 700 ਫੁਟ ਤੋਂ ਵੀ ਥੱਲੇ ਚਲਾ ਗਿਆ। ਹੋ ਸਕਦੈ ਜਦੋਂ ਇਹ ਪਾਣੀ ਵੀ ਮੁੱਕ ਗਿਆ ਤਾਂ ਪੁਰਾਣੀਆਂ ਫਸਲਾਂ ਦਾ ਫੇਰ ਸਹਾਰਾ ਲੈਣਾ ਪਵੇ। ਤੈਨੂੰ ਅਜੇ ਓਹ ਵੇਲ਼ਾ ਯਾਦ ਹੋਣੈ ਜਦੋਂ ਕਿਸੇ ਤੇਰੇ ਵਰਗੀ ਨੇ ਕਿਹਾ ਸੀ – ਗਿੱਠ-ਗਿੱਠ ਦਾ ਨਰਮਾ ਤੇ ਗੋਡੇ-ਗੋਡੇ ਤਾਂਦਲ਼ਾ, ਆਊਗਾ ਪਟਵਾਰੀ ਦੱਸ ਕੌਣ ਭਰੂਗਾ ਮਾਮਲਾ। ਓਦੋਂ ਹੀ ਦਿਲਾਸਾ ਮਿਲਿਆ ਹੋਣੈ – ਤੇਰੇ ਹੱਥਾਂ ਨੂੰ ਕਰਾ ਦੂੰ ਛਾਪਾਂ ਛੱਲੇ ਨਰਮੇ ਨੂੰ ਵਿਕ ਲੈਣ ਦੇ। ਯਾਦ ਕਰ ਜਦੋਂ ਕਹਿਣਾ ਪਿਆ ਹੋਵੇਗਾ – ਤੇਰਾ ਮਾਮਲਾ ਅਜੇ ਨਾ ਤਰਿਆ ਕੱਤੇ ਦੀ ਕਪਾਹ ਵੇਚ ਕੇ। ਜੱਟ ਦੀ ਜੂਨ ਏਨੀ ਬੁਰੀ ਵੀ ਨਹੀਂ ਜਿੰਨੀ ਕਹਿੰਦੇ ਹੁੰਦੇ ਸੀ – ਹਲ਼ ਛੱਡ ਕੇ ਚਰ੍ਹੀ ਨੂੰ ਜਾਣਾ ਜੱਟਾ ਤੇਰੀ ਜੂਨ ਬੁਰੀ। ਹੁਣ ਤਾਂ ਖੜ੍ਹੀ ਮੱਕੀ ਨੂੰ ਮਸ਼ੀਨ ਨਾਲ਼ ਵੱਢ ਕੇ, ਨਾਲੋ-ਨਾਲ਼ ਕੁਤਰ ਕੇ, ਦੱਬ ਦੇਈਦਾ ਹੈ, ਇਸਨੂੰ ਅਚਾਰ (ਸਾਈਲੇਜ) ਕਹਿੰਦੇ ਹਨ। ਜਦੋਂ ਜੀਅ ਕਰੇ ਟੋਕਰਾ ਭਰੋ ਤੇ ਖੁਰਲੀ ਵਿਚ ਪਾ ਦਿਓ। ਨਾ ਪੱਠੇ ਵੱਢਣੇ, ਨਾ ਢੋਣੇ, ਨਾ ਕੁਤਰਨੇ, ਰੋਜ਼-ਰੋਜ਼ ਦੀ ਮੁਸ਼ੱਕਤ ਤੋਂ ਨਿਜਾਤ ਮਿਲ ਗਈ। ਰੂੜੀ ਦੀ ਰੇਹ ਜੇ.ਸੀ.ਬੀ. ਨਾਲ਼ ਟਰਾਲੀ ਵਿਚ ਲੱਦਣੀ, ਲਿਫਟ ਨਾਲ਼ ਟਰਾਲੀ ਟੇਢੀ ਕਰ ਕੇ ਰੇਹ ਖੇਤ ਵਿਚ ਖਿਲਾਰਨੀ, ਵਹਾਈ, ਸੁਹਾਗਾ, ਕਰਾਹ, ਬੀਜਾਈ ਅਤੇ ਵੱਟਾਂ ਪਾਉਣ ਦੇ ਸਾਰੇ ਕੰਮ ਟਰੈਕਟਰ ਭਲਾਮਾਣਸ ਆਪੇ ਕਰੀ ਜਾਂਦੈ।

ਹਾਂ ਤੇਰਾ ਇਹ ਪੁੱਛਣਾ ਸੁਭਾਵਕ ਹੈ ਕਿ ਫਿਰ ਆਦਮੀ ਸਾਰਾ ਦਿਨ ਕੀ ਕਰਦੇ ਹੋਣਗੇ। ਉਹ ਮੌਜ ਨਾਲ਼ ਸਵੇਰੇ ਉਠਦੇ ਨੇ, ਟਰੈਕਟਰ ਚਲਾਉਂਦੇ ਨੇ, ਜੀਅ ਕਰੇ ਤਾਂ ਸੈਰ ਕਰਦੇ ਨੇ। ਜੇ ਦਿਨੇ ਖੇਤ ਗੇੜਾ ਮਾਰਨਾ ਪਵੇ ਤਾਂ ਤੁਰ ਕੇ ਕਿਉਂ ਜਾਣ, ਮੋਟਰਸਾਈਕਲ ਕਾਹਦੇ ਵਾਸਤੇ ਹੋਏ। ਇਹ ਨਾ ਸਮਝੀਂ ਕਿ ਬ੍ਰੈਂਡਿਡ ਕਪੜੇ ਤੇ ਜੁੱਤੇ ਵਿਦੇਸ਼ੀ ਜਾਂ ਸ਼ਹਿਰੀਏ ਹੀ ਪਾਉਂਦੇ ਨੇ, ਆਪਣੇ ਪਿੰਡ ਦੇ ਗੱਭਰੂ ਤੇ ਮੁਟਿਆਰਾਂ ਕਿਸੇ ਦੀ ਮਾਂ ਧੀ ਤੋਂ ਘੱਟ ਨਹੀਂ। ਜਿੰਮ ਦੇਖ ਕੇ ਇਹ ਨਾ ਪੁੱਛੀਂ ਕਿ ਇਸ ਦਾ ਪਿੰਡ ਵਿਚ ਕੀ ਕੰਮ, ਏਥੇ ਤਾਂ ਦਿਨ ਰਾਤ ਮੁਸ਼ੱਕਤ ਕਰਨੀ ਪੈਂਦੀ ਹੈ, ਅੰਗਾਂ ਦੀ ਕਸਰਤ ਵਾਧੂ ਹੋ ਜਾਂਦੀ ਹੈ। ਜ਼ਰਾ ਸੋਚ, ਭਲਾ ਜੇ ਹਲ਼ ਨਹੀਂ ਵਾਹੁਣਾ, ਕਹੀ ਨਹੀਂ ਚਲਾਉਣੀ, ਗੁੱਡ-ਗੁਡਾਈ ਨਹੀਂ ਕਰਨੀ, ਮਿੱਟੀ ਨਾਲ਼ ਮਿੱਟੀ ਨਹੀਂ ਹੋਣਾ, ਪੱਠੇ ਨਾ ਵੱਢਣੇ ਨਾ ਕੁਤਰਨੇ ਨਾ ਢੋਣੇ, ਸਾਰੇ ਧੰਦਿਆਂ ਲਈ ਮਸ਼ੀਨਾਂ ਤੇ ਟਰੈਕਟਰ, ਗੇੜੇ ਕੱਢਣ ਲਈ ਮੋਟਰਸਾਈਕਲ, ਤਾਂ ਫਿਰ ਸਰੀਰ ਦੇ ਅੰਗਾਂ ਨੂੰ ਮਾੜਾ ਮੋਟਾ ਹਿਲਾ ਕੇ ਕਾਇਮ ਰੱਖਣ ਵਾਸਤੇ ਜਿੰਮ ਨਾ ਜਾਣ ਤਾਂ ਕੀ ਕਰਨ।

ਇੱਕ ਗੱਲੋਂ ਤਾਂ ਤੈਨੂੰ ਮਹਿਸੂਸ ਹੋਣ ਲੱਗਣੈ ਜਿਵੇਂ ਕੈਲਗਰੀ ਜਾਂ ਸਰੀ ਵਿਚ ਬੈਠੀ ਹੋਵੇਂ ਜਦੋਂ ਤੂੰ ਖੇਤਾਂ ਵਿਚ ਦੀ ਲੰਘਦੀਆਂ ਸੜਕਾਂ ਉਪਰ ਸਵੇਰੇ ਸਵੇਰੇ ਉਸੇ ਤਰ੍ਹਾਂ ਦੀਆਂ ਪੀਲ਼ੇ ਰੰਗ ਦੀਆਂ ਸਕੂਲ ਬਸਾਂ ਤੇ ਵੈਨਾਂ ਬੱਚਿਆਂ ਨੂੰ ਢੋਂਦੀਆਂ ਵੇਖੇਂਗੀ। ਬੱਸ ਏਨਾ ਕੁ ਫ਼ਰਕ ਹੈ ਕਿ ਓਥੇ ਹਾਰਨ ਦੀ ਆਵਾਜ਼ ਨਹੀਂ ਸੁਣਦੀ ਪਰ ਏਥੇ ਹਾਰਨ ਤੋਂ ਬਿਨਾ ਹੋਰ ਕੋਈ ਗੱਲ ਕੰਨ ਪਾਈ ਨਹੀਂ ਸੁਣਦੀ। ਆਵਾਜ਼ ਤੋਂ ਯਾਦ ਆਇਆ, ਤੂੰ ਅਜੇ ਗੂੜ੍ਹੀ ਨੀਂਦ ਸੁੱਤੀ ਪਈ ਹੋਵੇਂਗੀ, ਜਦੋਂ ਭਾਈ ਜੀ ਚੌਥੇ ਪਹਿਰ ਚਾਰ ਵਜੇ ਜਗਾਉਣ ਦੀ ਮਿਹਰਬਾਨੀ ਕਰਨਗੇ। ਘੰਟਾ-ਦੋ ਘੰਟੇ ਸਾਰੀ ਫ਼ਿਜ਼ਾ ਵਿਚ ਭਾਈ ਜੀ ਹੁਰਾਂ ਨੇ ਰੌਣਕ ਲਾਈ ਰੱਖਣੀ ਐਂ। ਪਤਾ ਨਹੀਂ ਤੈਨੂੰ ਚੰਗਾ ਨਾ ਲਗੇ ਪਰ ਸਾਨੂੰ ਤਾਂ ਆਦਤ ਪੈ ਗਈ ਹੈ, ਰਾਤ ਪੈਣ 'ਤੇ ਛੇਤੀ ਸੌਂ ਜਾਈਦੈ। ਰਾਤ ਤੋਂ ਗੱਲ ਯਾਦ ਆਈ ਕਿ ਕੁਛ ਮੁੰਡੇ ਤੇ ਔਰਤਾਂ ਵੀ ਸ਼ਾਮ ਦੀ ਸੈਰ ਕਰਦੇ ਦਿਸ ਜਾਣਗੇ। ਨਹੀਂ ਰੀਸਾਂ ਮੇਰੇ ਪਿੰਡਾਂ ਦੀਆਂ। ਏਹ ਨੇ ਤਰੱਕੀਆਂ। ਪਰ ਤਰੱਕੀਆਂ ਕਾਹਦੀਆਂ, ਸ਼ਾਮ ਨੂੰ ਜਦੋਂ ਆਦਮੀ ਔਰਤਾਂ ਨੂੰ ਦਿਨ ਭਰ ਦੀ ਮੁਸ਼ੱਕਤ ਮਗਰੋਂ ਸਿਰਾਂ ਤੇ ਬਾਲਣ ਜੋਗੀਆਂ ਲੱਕੜਾਂ ਅਤੇ ਕੱਖਾਂ ਦੀਆਂ ਪੰਡਾਂ ਸਿਰ ਤੇ ਚੁੱਕੀ ਘਰਾਂ ਨੂੰ ਪਰਤਦੇ ਵੇਖੇਂਗੀ ਜਾਂ ਕਬਾੜ ਇਕੱਠਾ ਕਰ ਕੇ ਢਿੱਡ ਨੂੰ ਝੁਲਕਾ ਦੇਣ ਖਾਤਰ ਰੇੜ੍ਹੀਆਂ ਤੇ ਲਿਜਾਂਦੇ ਵੇਖੇਂਗੀ ਤਾਂ ਤਸਵੀਰ ਦੇ ਦੂਜੇ ਪਾਸੇ ਦੀ ਮਸਾਂ ਝਲਕ-ਮਾਤਰ ਹੀ ਹੋਵੇਗੀ। ਅਸਾਵੀਂ ਤਰੱਕੀ ਅਤੇ ਕਾਣੀਵੰਡ ਦਾ ਅਹਿਸਾਸ ਤੇਰੇ ਧੁਰ ਅੰਦਰ ਨੂੰ ਹਿਲਾ ਕੇ ਰੱਖ ਦੇਵੇਗਾ। ਹਾਲੇ ਤਾਂ ਮੈਂ ਤੈਨੂੰ ਸਿਵਿਆਂ ਕੋਲ਼ ਝਿੜੀ ਅਤੇ ਉੱਜੜੇ ਖੋਲ਼ਿਆਂ ਵਿਚ ਪਈਆਂ ਸਰਿੰਜਾਂ, ਨਸ਼ਿਆਂ ਦੇ ਖਾਲੀ ਪੈਕਟਾਂ, ਰੈਪਰਾਂ ਅਤੇ ਸ਼ੀਸ਼ੀਆਂ ਦੇ ਢੇਰ ਵਿਖਾਉਣ ਦਾ ਜੇਰਾ ਨਹੀਂ ਕਰ ਸਕਿਆ ਨਹੀਂ ਤਾਂ ਇਨ੍ਹਾਂ ਨੂੰ ਜੇ ਵੇਖੇਂਗੀ ਤਾਂ ਕਲੇਜਾ ਫੜ ਕੇ ਬਹਿ ਜਾਏਂਗੀ। ਇਹ ਆਪਣੀ ਨਵੀਂ ਵਿਹਲੀ ਪੀਹੜੀ ਦੀਆਂ ਕਰਤੂਤਾਂ ਹਨ। ਹੈਰਾਨ ਨਾ ਹੋਈਂ ਜੇ ਕਿਸੇ ਘਰੋਂ ਰੂਹ-ਚੀਰਵੇਂ ਵੈਣ ਤੇਰਾ ਸੀਨਾ ਵਿੰਨ੍ਹ ਕੇ ਰੱਖ ਦੇਣ। ਕਿਸੇ ਗੱਭਰੂ ਜਾਂ ਮੁਟਿਆਰ ਦਾ ਨਸ਼ਈ ਹੋ ਕੇ ਜਾਨ ਦੇ ਬੈਠਣਾ ਮਾਪਿਆਂ ਨੂੰ ਜਿਉਂਦੇ-ਜੀਅ ਮਾਰ ਸੁਟਦਾ ਹੈ।

ਮੈਂ ਨਹੀਂ ਚਾਹੁੰਦਾ ਤੈਨੂੰ ਖੇਤਾਂ ਦੇ ਉਸ ਪਾਸੇ ਮੰਡੀ ਨੂੰ ਜਾਂਦੀ ਸੜਕ 'ਤੇ ਲਿਜਾਵਾਂ ਕਿਉਂਕਿ ਉੱਥੇ ਬਣੇ ਸ਼ਾਨਦਾਰ ਮਹਿਲ-ਨੁਮਾ ਵਿਆਹ-ਘਰ (ਮੈਰਿਜ ਪੈਲੇਸ) ਵੇਖ ਕੇ ਤੂੰ ਕਈ ਸਵਾਲ ਕਰਨੇ ਹਨ। ਮੈਂ ਆਪ ਹੀ ਦੱਸ ਦਿੰਨਾਂ। ਹੁਣ ਤਾਂ ਰੋਕਾ, ਮੰਗਣੀ, ਵਿਆਹ, ਜਨਮ ਦਿਨ ਦੀਆਂ ਪਾਰਟੀਆਂ ਇਨ੍ਹਾਂ ਮਹਿਲਾਂ ਵਿਚ ਹੀ ਹੁੰਦੀਆਂ ਹਨ। ਜੇ ਤੈਨੂੰ ਏਥੇ ਲੱਚਰ ਗਾਣੇ ਵਜਦੇ, ਆਰਕੈਸਟਰਾ ਅਤੇ ਸ਼ਰਾਬੀਆਂ ਦੇ ਖ਼ਰੂਦ ਵਿਖਾ ਦਿਆਂ ਤਾਂ ਕੰਨ ਬੰਦ ਕਰ ਕੇ ਤੋਬਾ ਕਰ ਲਵੇਂਗੀ। ਇਹ ਪੁੱਛਣ-ਦੱਸਣ ਦੀ ਗੱਲ ਨਹੀਂ ਕਿ ਏਨੀ ਫ਼ਜ਼ੂਲ ਖ਼ਰਚੀ ਦੀ ਕੀ ਲੋੜ ਹੈ। ਲੋੜ ਤਾਂ ਨਹੀਂ, ਪਰ ਰੀਸੋ-ਰੀਸ ਕਰਨਾ ਪੈਂਦੈ, ਨਹੀਂ ਤਾਂ 'ਨੱਕ ਨਹੀਂ ਰਹਿੰਦਾ'। ਖ਼ਰਚ ਲਈ ਪੈਸੇ ਕਿਥੋਂ ਆਉਂਦੇ ਹਨ। ਕੋਲ਼ੋਂ ਨਾ ਸਹੀ, ਕਰਜ਼ਾ ਲੈ ਲਈਦੈ, ਜੇ ਕਰਜ਼ਾ ਨਾ ਲਹੇਗਾ ਤਾਂ ਦੋ-ਚਾਰ ਕਨਾਲ਼ਾਂ ਜਾਂ ਕਿੱਲਾ-ਦੋ ਕਿੱਲੇ ਬੈਅ ਸਹੀ, ਇਹ ਕਿਹੜਾ ਹੁਣ ਕੋਈ ਸ਼ਰਮ ਜਾਂ ਲੁਕਾਉਣ ਵਾਲ਼ੀ ਗੱਲ ਹੈ। ਆਮ ਹੈ। ਹਾਂ ਤੇਰੀ ਇਹ ਵੀ ਸੁਣੀ-ਸੁਣਾਈ ਗੱਲ ਠੀਕ ਹੈ ਕਿ ਮੁੰਡੇ ਕੁੜੀਆਂ ਨੂੰ ਕਾਲਜਾਂ ਦੀਆਂ ਡਿਗਰੀਆਂ ਲੈਣ ਦੇ ਬਾਵਜੂਦ ਜਦੋਂ ਨੌਕਰੀਆਂ ਨਹੀਂ ਮਿਲਦੀਆਂ ਜਾਂ ਰੁਜ਼ਗਾਰ ਨਹੀਂ ਜੁੜਦਾ ਤਾਂ ਰੁਝਾਨ ਇਹ ਜ਼ੋਰ ਫੜ ਗਿਆ ਕਿ ਬਾਰ੍ਹਵੀਂ ਜਮਾਤ (ਪਲੱਸ-ਟੂ) ਕਰ ਕੇ ਹੀਲੇ ਵਸੀਲੇ ਪੜ੍ਹਾਈ ਬਹਾਨੇ ਬਾਹਰਲੇ ਮੁਲਕਾਂ ਨੂੰ ਵਹੀਰਾਂ ਘੱਤ ਰਹੇ ਹਨ। ਇਹ ਜ਼ਮੀਨ ਵੇਚਣਾ, ਕਰਜ਼ਾ ਲੈਣਾ ਏਥੇ ਵੀ ਜਾਇਜ਼ ਬਣ ਗਿਆ ਹੈ। ਇਹ ਨਵੀਆਂ ਰਵਾਇਤਾਂ, ਨਵਾਂ ਵਤੀਰਾ ਤਾਂ ਸਮਝ ਲਓ ਬਈ ਜ਼ਮਾਨੇ ਦੀ ਹਵਾ ਬਦਲ ਗਈ ਹੈ।

ਮੈਂ ਕਿਤੇ ਦੱਸਣਾ ਭੁੱਲ ਨਾ ਜਾਵਾਂ, ਆਪਣੇ ਪਿੰਡ ਨੇ ਜਿੱਥੇ ਵੇਲ਼ਾ ਵਿਹਾ ਚੁੱਕੀਆਂ ਰਵਾਇਤਾਂ ਤਿਆਗ ਦਿੱਤੀਆਂ ਹਨ, ਉੱਥੇ ਕਿਸੇ ਕਿਸੇ ਨੇ ਕੁਛ ਰਵਾਇਤਾਂ ਕਾਇਮ ਵੀ ਰੱਖੀਆਂ ਹਨ। ਇਸ ਦੇ ਉਲਟ ਵਿਗਿਆਨ ਦੀ ਨਵੀਨਤਮ ਤਕਨਾਲੋਜੀ ਅਪਨਾਉਣ ਵਾਸਤੇ ਕਿਸੇ ਤੋਂ ਪਿੱਛੇ ਨਹੀਂ ਰਹੇ। ਔਹ ਸਾਹਮਣੇ ਝੋਨੇ ਦੇ ਖੇਤ ਵਿਚ ਸੂਰਜੀ ਪੈਨਲ (ਸੋਲਰ ਪੈਨਲ) ਦਿਸਦਾ ਹੈ ਜਿਸ ਰਾਹੀਂ ਸੂਰਜੀ ਊਰਜਾ ਬਿਜਲੀ ਵਿਚ ਤਬਦੀਲ ਹੋ ਕੇ ਮੋਟਰ ਚਲਾਉਂਦੀ ਹੈ ਜੋ ਅੱਗੋਂ ਬੰਬੀ (ਪੰਪ ਜਾਂ ਮੱਛੀ ਮੋਟਰ) ਰਾਹੀਂ ਧਰਤੀ ਹੇਠੋਂ ਸੈਂਕੜੇ ਫੁਟ ਦੀ ਡੂੰਘਾਈ ਤੋਂ ਪਾਣੀ ਖਿਚਦੀ ਹੈ। ਔਹ ਇਸ ਦੇ ਨਾਲ਼ ਹੀ ਕਿਸੇ ਪੁਰਾਣੇ ਵੇਲ਼ੇ ਦੀ ਮਟੀ ਵੀ ਰੰਗ ਰੋਗਨ ਕਰ ਕੇ ਸਜਾਈ ਹੋਈ ਹੈ। ਕਿਸੇ ਵਡੇਰੇ ਨੂੰ ਕਿਸੇ ਸ਼ਕਲ ਵਿਚ ਯਾਦ ਕਰਨ ਵਿਚ ਕੀ ਹਰਜ਼ ਹੈ। ਸੋਚ ਆਪੋ-ਆਪਣੀ। ਇਹ ਸੁਣ ਕੇ ਹੁਣ ਤੂੰ ਇਸ ਨੂੰ ਪਿਛੜੇਪਨ ਜਾਂ ਅੰਧ-ਵਿਸ਼ਵਾਸ ਨਾਲ਼ ਨਾ ਜੋੜ ਦੇਈਂ। ਇਸ ਤਰ੍ਹਾਂ ਦੀ ਰੀਤ ਤਾਂ ਵਿਗਿਆਨ ਦੀਆਂ ਪ੍ਰਾਪਤੀਆਂ ਨਾਲ ਤੁਰਦੀ ਰਹੀ ਹੈ। ਸ਼ਾਇਦ ਤੈਨੂੰ ਨਾ ਪਤਾ ਹੋਵੇ, ਅਪੋਲੋ 11 ਦੇ ਕਾਸਮੋਨਾਟ (ਪੁਲਾੜ ਯਾਤਰੀ) ਨੀਲ ਆਰਮਸਟਰਾਂਗ ਅਤੇ ਬੁਜ਼ ਐਲਡਰਿਨ ਚੰਦਰਮਾ ਉਪਰ ਪੈਰ ਰੱਖਣ (ਤੇ ਤੁਰਨ) ਵਾਲ਼ੇ ਸਭ ਤੋਂ ਪਹਿਲੇ ਮਨੁੱਖ ਸਨ। ਉਹ ਆਪਣੇ ਨਾਲ਼ ਮਾਡਿਊਲ ਵਿਚ ਅਕੀਦੇ ਅਤੇ ਸ਼ਰਧਾ ਵਜੋਂ ਈਸਾਈ ਧਰਮ ਨਾਲ ਸੰਬੰਧਤ ਧਾਰਮਿਕ ਚਿੰਨ੍ਹ ਲੈ ਕੇ ਗਏ ਸਨ। ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਫਰਾਂਸ ਤੋਂ ਅਤੀ ਆਧੁਨਿਕ ਲੜਾਕੂ ਹਵਾਈ ਜਹਾਜ਼ ਲੈਣ ਗਏ ਤਾਂ ਪਹਿਲਾਂ ਜਹਾਜ਼ ਉਪਰ ਨਾਰੀਅਲ ਰੱਖ ਕੇ ਪੂਜਾ ਅਰਚਨਾ ਕੀਤੀ ਸੀ। ਭਾਰਤ ਵਿਚ ਤਾਂ ਅੱਜ ਕੱਲ੍ਹ ਕਿਸੇ ਵਿਗਿਆਨਕ ਪ੍ਰੋਜੈਕਟ (ਚੰਦਰਯਾਨ ਵਗੈਰਾ) ਦੀ ਕਾਮਯਾਬੀ ਲਈ ਹਵਨ ਪੂਜਾ ਕਰਨੀ ਸਰਕਾਰੀ ਤੰਤਰ ਵਜੋਂ ਪ੍ਰਵਾਨਿਤ ਜਾਪਦੀ ਹੈ। ਖ਼ੈਰ, ਆਪਾਂ ਇਸ ਝਮੇਲੇ ਤੋਂ ਕੀ ਲੈਣੈ, ਜਿਵੇਂ ਕਿਸੇ ਦੀ ਮਰਜ਼ੀ ਕਰੀ ਜਾਵੇ।

ਇਹ ਤਾਂ ਖੇਤਾਂ ਨਾਲ ਸੰਬੰਧਤ ਆਈ ਤਬਦੀਲੀ ਦੀ ਝਾਕੀ ਮਾਤਰ ਹੈ, ਘਰਾਂ, ਅਰਥਚਾਰੇ, ਰਹਿਣ-ਸਹਿਣ, ਪਿੰਡਾਂ ਦੀ ਦਿੱਖ ਅਤੇ ਹੋਰ ਹਰੇਕ ਖੇਤਰ ਵਿਚ ਆਈਆਂ ਹੈਰਾਨੀਜਨਕ ਤਬਦੀਲੀਆਂ ਦੀ ਗੱਲ ਕਦੇ ਫੇਰ ਸਹੀ। ਆਪਣੇ ਮਾਲਵੇ ਦੇ ਇਨ੍ਹਾਂ ਖੁੱਲ੍ਹੀਆਂ ਜੂਹਾਂ ਵਾਲ਼ੇ ਖੇਤਾਂ ਦੇ ਬਦਲੇ ਹੋਏ ਨਜ਼ਾਰੇ ਇਤਿਹਾਸਕ ਹਨ, ਆਪਾਂ ਸੁਭਾਗੇ ਹਾਂ ਜੋ ਹਯਾਤੀ ਪੂਰੀ ਕਰਨ ਤੋਂ ਪਹਿਲਾਂ ਇਸ ਦੇ ਚਸ਼ਮਦੀਦ ਗਵਾਹ ਬਣੇ ਹਾਂ। ਤੂੰ ਆਵੇਂਗੀ ਤਾਂ ਹੋਰ ਵੀ ਬਹੁਤ ਕੁਛ (ਚੰਗਾ ਜਾਂ ਮੰਦਾ) ਵੇਖ ਸਕੇਂਗੀ, ਹਾਲੇ ਤਾਂ ਮੈਂ ਤੈਨੂੰ ਸੱਦਾ ਹੀ ਦੇ ਰਿਹਾ ਹਾਂ ਕਿ –

**ਆ ਬਦਲੀ ਵੇਖ ਨੁਹਾਰ ਕੁੜੇ,**
**ਮੁੜ ਖੇਤੀਂ ਗੇੜਾ ਮਾਰ ਕੁੜੇ।**

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.

ARROW DRYWALL INC.
The Name You Can Trust
• Insulation
• Drywall
• Taping
• Texturing
• Blow Insulation
Products of Services:
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ•
ਡਰਾਈਵਾਲ•
ਟੇਪਿੰਗ•
ਬਲੋ ਇੰਸੂਲੇਸ਼ਨ•
ਟੈਕਸਚਰਿੰਗ•



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
Unbeatable Price!
All Type of Frames!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500




# ਸਿਹਤ ਲਈ ਚੰਗਾ ਨਹੀਂ ਲੋੜ ਤੋਂ ਜ਼ਿਆਦਾ ਕੈਲਸ਼ੀਅਮ ਦਾ ਪ੍ਰਯੋਗ

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਸਰੀਰ ਲਈ ਕੈਲਸ਼ੀਅਮ ਬਹੁਤ ਹੀ ਜ਼ਰੂਰੀ ਹੈ। ਜ਼ਿਆਦਾਤਰ ਕੈਲਸ਼ੀਅਮ ਹੱਡੀਆਂ, ਦੰਦ, ਨਾਖੁਣ ਆਦਿ ਸਰੀਰ ਦੇ ਅੰਗ ਬਣਾਉਣ ਲਈ ਵਰਤਿਆ ਜਾਂਦਾ ਹੈ। ਮਗਰ ਦੇਖਣ ਵਾਲੀ ਗੱਲ ਇਹ ਹੈ ਕਿ ਕੀ ਇਹ ਸਾਰੇ ਅੰਗ ਸਿਰਫ਼ ਕੈਲਸ਼ੀਅਮ ਦੇ ਹੀ ਬਣੇ ਹੁੰਦੇ ਹਨ ਜਾਂ ਕੁੱਝ ਹੋਰ ਧਾਤਾਂ ਵੀ ਕੋਈ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਹੱਡੀਆਂ ਆਦਿ ਦੀ ਬਣਤਰ ਲਈ ਮੈਗਨੀਸ਼ੀਅਮ, ਸਿਲੀਕਾਨ, ਸਟਰਾਂਸ਼ੀਅਮ, ਵੇਨੇਡੀਅਮ, ਫਾਸਫੋਰਸ, ਜ਼ਿੰਕ, ਤਾਂਬਾ 'ਤੇ ਬੋਰੋਨ ਬਹੁਤ ਹੀ ਜ਼ਰੂਰੀ ਧਾਤਾਂ ਹਨ। ਬੋਨ ਮਿਨਰਲ ਡੈਂਸਿਟੀ ਅਤੇ ਬੋਨ ਸਟਰੈਂਥ ਵਿੱਚ ਬਹੁਤ ਫ਼ਰਕ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਸ਼ੀਸ਼ੇ ਦੀ ਡੈਂਸਿਟੀ ਲੱਕੜ ਦੇ ਮੁਕਾਬਲੇ ਅਧਿੱਕ ਹੈ ਮਗਰ ਸ਼ੀਸ਼ਾ ਬੜੀ ਆਸਾਨੀ ਨਾਲ ਟੁੱਟ ਜਾਂਦਾ ਹੈ ਅਤੇ ਲੱਕੜੀ ਨੂੰ ਲਚਕੀਲੀ ਅਤੇ ਮਜ਼ਬੂਤ ਹੋਣ ਕਾਰਣ ਤੋੜਣਾ ਕਾਫ਼ੀ ਕਠਿਨ ਹੈ। ਇਸੀ ਕਾਰਨ ਬੋਨ ਮਿਨਰਲ ਡੈਂਸਿਟੀ ਟੈਸਟ ਸਾਨੂੰ ਸਾਡੇ ਸਰੀਰ ਅਤੇ ਹੱਡੀਆਂ ਆਦਿ ਬਾਰੇ ਪੂਰਨ ਜਾਣਕਾਰੀ ਨਹੀਂ ਦੇ ਸਕਦਾ। ਬਹੁਤੇ ਵਾਰੀਂ ਕੈਲਸ਼ੀਅਮ ਧਾਂਤ ਜਾਂ ਕੈਲਸ਼ੀਅਮ ਭਰਪੂਰ ਭੋਜਨ ਜਿਵੇਂ ਕਿ ਦੁੱਧ, ਪਨੀਰ ਆਦਿ ਦੇ ਪ੍ਰਯੋਗ ਕਰਨ ਦੀ ਹੀ ਸਲਾਹ ਦਿੱਤੀ ਜਾਂਦੀ ਹੈ। ਜਦੋਂ ਕਿ ਥੋੜ੍ਹੀ ਮਾਤਰਾ ਵਿੱਚ ਲੋੜੀਂਦੇ ਜ਼ਰੂਰੀ ਤੱਤ ਅਤੇ ਸਹਾਇਕ ਤੱਤਾਂ ਜਿਵੇਂ ਕਿ ਮੈਗਨੀਸ਼ੀਅਮ, ਵਿਟਾਮਿਨ ਡੀ, ਕੇ 2 ਦੀ ਜ਼ਰੂਰਤ ਜ਼ਿਆਦਾ ਹੁੰਦੀ ਹੈ।

ਚਿੰਤਾਜਨਕ ਗੱਲ ਤਾਂ ਇਹ ਹੈ ਕਿ ਵਿਟਾਮਿਨ ਡੀ ਦੀਆਂ ਪ੍ਰਿਸਕ੍ਰਿਪਸ਼ਨਜ਼ ਵੀ ਬਹੁਤ ਲਿਖੀਆਂ ਜਾਣ ਲੱਗੀਆਂ ਹਨ। ਕੈਨੇਡਾ ਵਰਗੇ ਮੁਲਕ ਵਿੱਚ ਸੂਰਜ ਦੀਆਂ ਯੂਵੀ ਬੀ ਕਿਰਨਾਂ ਦੀ ਘਾਟ ਕਰਕੇ ਸਾਡੇ ਸਰੀਰ ਦੀ ਚਮੜੀ ਕੋਲੈਸਟ੍ਰਾਲ ਤੋਂ ਵਿਟਾਮਿਨ ਡੀ ਬਨਾਉਣ ਵਿੱਚ ਅਸਮਰਥ ਹੈ। ਵਿਟਾਮਿਨ ਡੀ ਸਾਡੇ ਭੋਜਨ ਵਿੱਚੋ ਕੈਲਸ਼ੀਅਮ ਨੂੰ ਹਜ਼ਮ ਕਰਨ ਅਤੇ ਖ਼ੂਨ ਵਿੱਚ ਸਮਾਉਣ ਦਾ ਰੋਲ ਨਿਭਾਉਂਦਾ ਹੈ। ਖ਼ੂਨ ਵਿਚਲੇ ਕੈਲਸ਼ੀਅਮ ਨੂੰ ਉਹਨਾਂ ਥਾਵਾਂ ਜਿਵੇਂ ਕਿ ਹੱਡੀਆਂ, ਦੰਦ, ਨਹੁੰ ਆਦਿ ਵਿੱਚ ਫਿਕਸ ਕਰਨ ਲਈ ਵਿਟਾਮਿਨ ਕੇ 2(ਐਮ ਕੇ 7) ਦੀ ਜ਼ਰੂਰਤ ਹੁੰਦੀ ਹੈ। ਪਿਛਲੇ ਕਈ ਸਾਲਾਂ ਤੋਂ ਬਹੁਤ ਸਾਰੇ ਮਰੀਜ਼ ਵਿਟਾਮਿਨ ਕੇ 2 ਤੋਂ ਬਗੈਰ ਹੀ ਵਿਟਾਮਿਨ ਡੀ ਦਾ ਪ੍ਰਯੋਗ ਕਰ ਰਹੇ ਹਨ। ਜਿਸ ਕਾਰਨ ਦਿਲ ਦੀਆਂ ਬਿਮਾਰੀਆਂ ਹੋਣ ਦਾ ਖਦਸ਼ਾ ਵੱਧ ਰਿਹਾ ਹੈ ਕਿਉਂਕਿ ਇਕੱਲੇ ਵਿਟਾਮਿਨ ਡੀ ਦਾ ਪ੍ਰਯੋਗ ਅਤੇ ਕੈਲਸ਼ੀਅਮ ਭਰਪੂਰ ਖ਼ੂਨ ਦਿਲ ਦੀਆਂ ਅਤੇ ਹੋਰ ਸੂਖ਼ਮ ਨਾੜੀਆਂ ਵਿੱਚ ਕੈਲਸ਼ੀਅਮ ਜ਼ਮ੍ਹਾਂ ਕਰਨ ਦਾ ਹੀ ਸਬੱਬ ਬਣਦਾ ਹੈ।

ਆਓ ਥੋੜ੍ਹਾ ਬਹੁਤ ਵਿਟਾਮਿਨ ਕੇ ਬਾਰੇ ਜਾਣੀਏ। ਅੱਜ ਤੱਕ ਅਸੀਂ ਕੇਵਲ ਵਿਟਾਮਿਨ ਕੇ ਬਾਰੇ ਹੀ ਸੁਣਿਆ ਹੈ । ਇਸ ਦੀਆਂ ਕਿਸਮਾਂ ਜਿਵੇਂ ਕਿ ਕੇ 1, ਕੇ 2 ਬਾਰੇ ਬਹੁਤ ਘੱਟ ਲੋਕ ਜਾਣਦੇ ਹਨ । ਵਿਟਾਮਿਨ ਕੇ ਦੇ ਰੋਲ ਸਬੰਧੀ ਵੀ ਕਿਤਾਬਾਂ ਵਿੱਚ ਇੰਨਾਂ ਹੀ ਪੜ੍ਹਿਆ ਹੈ ਕਿ ਇਹ ਸੱਟ ਲੱਗਣ ਤੇ ਖ਼ੂਨ ਜਮਾਉਣ ਦਾ ਕੰਮ ਕਰਦਾ ਹੈ। ਕਿਉਂਕਿ ਖ਼ੂਨ ਜ਼ਿਆਦਾ ਵਹਨ ਕਾਰਣ ਮੌਤ ਦਾ ਖਤਰਾ ਵੱਧ ਜਾਂਦਾ ਹੈ। ਤੁਸੀਂ ਠੀਕ ਹੀ ਸੁਣਿਆ ਹੈ ਵਿਟਾਮਿਨ ਕੇ 1 ਖ਼ੂਨ ਨੂੰ ਗਾੜ੍ਹਾ ਕਰਦਾ ਹੈ ਮਗਰ ਸੱਟ ਲੱਗਣ ਉਪਰੰਤ। ਵਿਟਾਮਿਨ ਕੇ 2 ਸਾਡੇ ਸਰੀਰ ਦੇ ਹਰੇਕ ਅੰਗ,ਦਿਲ ਦੀਆਂ ਨਾੜੀਆਂ 'ਤੇ ਟਿਸ਼ੂ ਜਿੱਥੇ ਵੀ ਕੈਲਸ਼ੀਅਮ ਬੇਲੋੜਾ ਜੰਮਿਆ ਹੁੰਦਾ ਹੈ, ਕੰਨੋਂ ਪਕੜ ਕੇ ਹੱਡੀਆਂ, ਦੰਦਾਂ ਵਿੱਚ ਫਿਕਸ ਕਰਕੇ ਮਜ਼ਬੂਤ ਕਰਦਾ ਹੈ ਅਤੇ ਸਾਨੂੰ ਦਿਲ ਦੀਆਂ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ। ਹੈ ਨਾ ਇੱਕ ਪੰਥ ਤੇ ਦੋ ਕਾਜ । ਹੁਣ ਤੁਸੀਂ ਸੋਚ ਰਹੇ ਹੋਵੋਗੇ ਕਿ ਇਸ ਬਾਰੇ ਸਾਨੂੰ ਪਹਿਲਾਂ ਕਿਉਂ ਨਹੀਂ ਪਤਾ ਚੱਲਿਆ। ਚੱਲੋ ਕੋਈ ਗੱਲ ਨਹੀਂ ਦੇਰ ਆਏ ਦਰੁਸਤ ਆਏ ।

ਆਓ ਫਿਰ ਕੈਲਸ਼ੀਅਮ ਵੱਲ ਪਰਤਦੇ ਹਾਂ ਕੀ ਸਾਨੂੰ ਕੈਲਸ਼ੀਅਮ ਦੀਆਂ ਗੋਲੀਆਂ ਖਾਣੀਆਂ ਚਾਹੀਦੀਆਂ ਹਨ ਜਾਂ ਨਹੀਂ। ਕੈਲਸ਼ੀਅਮ ਬਾਰੇ ਵੀ ਜੋ ਕੁੱਝ ਅਸੀਂ ਸੁਣਿਆ ਹੈ ਗਲਤ ਹੈ। ਕੈਲਸ਼ੀਅਮ ਕਾਰਬੋਨੇਟ ਸਭ ਤੋਂ ਸਸਤਾ ਹੋਣ ਕਰਕੇ ਗੋਲੀਆਂ ਆਦਿ ਵਿੱਚ ਵਰਤਿਆ ਜਾਂਦਾ ਹੈ। ਇਹ ਕਿਸਮ ਬਹੁਤ ਜਲਦੀ ਹੀ ਤਰਲ ਘੋਲ ਜਾਂ ਮਿਸ਼ਰਣ ਵਿੱਚੋਂ ਨਿਕਲ ਕੇ ਜੰਮ ਜਾਂਦੀ ਹੈ। ਜਦੋਂ ਅਸੀਂ ਡਾਈਯੂਰੇਟਿਕ ਦਵਾਈ ਲੈਂਦੇ ਹਾਂ ਜਾਂ ਡੀਹਾਈਡਰੇਟਡ ਹੁੰਦੇ ਹਾਂ ਤਾਂ ਬਹੁਤ ਜਲਦੀ ਹੀ ਕੈਲਸ਼ੀਅਮ ਕਠੋਰ ਅਵਸਥਾ ਵਿੱਚ ਬਦਲ ਜਾਂਦਾ ਹੈ 'ਤੇ ਦਿਲ ਦੇ ਰੋਗਾਂ ਦਾ ਕਾਰਣ ਬਣਦਾ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਜਿਹੜੀਆਂ ਕੌਮਾਂ ਕੈਲਸ਼ੀਅਮ ਦਾ ਜ਼ਿਆਦਾ ਸੇਵਣ ਕਰਦੀਆਂ ਹਨ ਉਹਨਾਂ ਦੀ ਮੌਤ ਦਰ ਦੁਨੀਆਂ ਚੋਂ ਸਭ ਤੋਂ ਜ਼ਿਆਦਾ ਹੈ। ਜਿਵੇਂ ਕਿ ਅਮਰੀਕਾ,




ਨਿਊਜ਼ੀਲੈਂਡ ਦੇ ਮੁਕਾਬਲੇ ਜਾਪਾਨ, ਪੁਰਤਗਾਲ ਵਰਗੇ ਦੇਸ਼ ਦੁੱਧ ਜਾਂ ਕੈਲਸ਼ੀਅਮ ਘੱਟ ਪ੍ਰਯੋਗ ਕਰਦੇ ਹਨ ਤੇ ਇਹਨਾਂ ਦੇਸ਼ਾਂ ਵਿੱਚ ਮੌਤ ਦਰ ਵੀ ਘੱਟ ਹੈ।

ਕੈਲਸ਼ੀਅਮ 500 ਐਮ ਜੀ ਤੋਂ ਵੱਧ ਸਾਡਾ ਸਰੀਰ ਇੱਕੋ ਸਮੇਂ ਹਜ਼ਮ ਨਹੀਂ ਕਰ ਸਕਦਾ। ਜੇਕਰ ਤੁਹਾਡੇ ਮੇਹਦੇ ਵਿਚਲਾ ਤੇਜ਼ਾਬ ਮਜ਼ਬੂਤ ਨਹੀਂ ਹੈ ਤਾਂ ਵੀ ਕੈਲਸ਼ੀਅਮ ਹਜ਼ਮ ਕਰਨਾ ਮੁਸ਼ਕਿਲ ਹੈ। ਇਸ ਤੋਂ ਇਲਾਵਾ ਮੈਗਨੀਸ਼ੀਅਮ ਅਤੇ ਵਿਟਾਮਿਨ ਡੀ ਤੋਂ ਬਗੈਰ ਵੀ ਕੈਲਸ਼ੀਅਮ ਸਰੀਰ ਵਿੱਚ ਸਮਾ ਨਹੀਂ ਸਕਦਾ। ਦੁੱਧ ਵਿੱਚ ਮੈਗਨੀਸ਼ੀਅਮ ਘੱਟ ਹੋਣ ਕਰਕੇ ਵੀ ਦੁੱਧ ਕੈਲਸ਼ੀਅਮ ਦਾ ਵਧੀਆ ਸਰੋਤ ਨਹੀਂ। ਸਾਡੇ ਸਰੀਰ ਵਿੱਚ ਕੈਲਸ਼ੀਅਮ 'ਤੇ ਮੈਗਨੀਸ਼ੀਅਮ ਦੀ ਮਾਤਰਾ ਬਰਾਬਰ ਹੋਣੀ ਅਤੀ ਜ਼ਰੂਰੀ ਹੈ।ਦਿਲ ਅਤੇ ਹੋਰ ਕੈਲਸ਼ੀਅਮ ਸਬੰਧੀ ਰੋਗ ਮੈਗਨੀਸ਼ੀਅਮ ਦੀ ਘਾਟ ਨਾਲ ਹੀ ਹੁੰਦੇ ਹਨ ਨਾ ਕਿ ਕੈਲਸ਼ੀਅਮ ਦੀ। ਅਚਾਨਕ ਮੌਤ ਹਰਟ ਅਟੈਕ ਵੀ ਆਮ ਲੋਕਾਂ ਵਿੱਚ ਪ੍ਰਚੱਲਤ ਮੈਗਨੀਸ਼ੀਅਮ ਦੀ ਘਾਟ ਕਾਰਣ ਹੀ ਹੁੰਦਾ ਹੈ । ਸਾਡੇ ਸਰੀਰ ਵਿੱਚ ਪਹਿਲਾਂ ਹੀ ਮੈਗਨੀਸ਼ੀਅਮ , ਕੈਲਸ਼ੀਅਮ ਦੇ ਮੁਕਾਬਲੇ ਬਹੁਤ ਘੱਟ ਹੁੰਦਾ ਹੈ ਇਸ ਲਈ ਕੈਲਸ਼ੀਅਮ ਹਮੇਸ਼ਾ ਮੈਗਨੀਸ਼ੀਅਮ ਦੀ ਬਰਾਬਰ ਮਿਕਦਾਰ ਨਾਲ ਹੀ ਪ੍ਰਯੋਗ ਕਰਨਾ ਚਾਹੀਦਾ ਹੈ। ਆਮ ਧਾਰਨਾ ਕਿ ਮੈਗਨੀਸ਼ੀਅਮ, ਕੈਲਸ਼ੀਅਮ ਹਜ਼ਮ ਕਰਨ ਵਿੱਚ ਵਿਘਣ ਪਾਉਂਦਾ ਹੈ ਬਿਲਕੁੱਲ ਗਲਤ ਹੈ।

ਤੁਸੀਂ ਹੈਰਾਨ ਹੋਵੋਗੇ ਕਿ ਦਿਲ ਦੀਆਂ ਬਿਮਾਰੀਆਂ ਸਰੀਰ ਵਿੱਚ ਅਧਿੱਕ ਕੈਲਸ਼ੀਅਮ ਕਰਕੇ ਹੀ ਹੁੰਦੀਆਂ ਹਨ। ਸਾਡੇ ਦਿਲ ਅੰਦਰਲਾ ਵਾਲਵ ਰੋਗ ਜਿਸ ਨੂੰ ਮਿਟਰਲ ਵਾਲਵ ਪ੍ਰੋਲੈਪਸ ਕਹਿੰਦੇ ਹਨ ਵੀ ਕੈਲਸ਼ੀਅਮ ਜੰਮਣ ਕਰਕੇ ਹੀ ਹੁੰਦਾ ਹੈ। ਗੁਰਦਿਆਂ ਦੀ ਪਥਰੀ ਵਿੱਚ ਵੀ ਮਾਨਯੋਗ ਕੈਲਸ਼ੀਅਮ ਸਾਹਿਬ ਦਾ ਹੀ ਸਿੱਧਾ ਹੱਥ ਹੈ। ਕੈਲਸ਼ੀਅਮ ਸਾਡੇ ਸਰੀਰ ਅਤੇ ਦਿਲ ਦੀਆਂ ਖ਼ੂਨ ਦੀਆਂ ਨਾੜੀਆਂ ਵਿੱਚ ਜੰਮ ਜਾਂਦਾ ਹੈ। ਇਸੀ ਕਰਕੇ ਅੱਜ ਕੱਲ ਕੈਲਸ਼ੀਅਮ ਆਰਟ੍ਰੀ ਸਕੈਨ ਵਰਗੇ ਟੈਸਟ ਕੀਤੇ ਜਾਂਦੇ ਹਨ। ਇਹ ਵੱਖਰੀ ਗੱਲ ਹੈ ਕਿ ਆਮ ਪਬਲਿਕ ਇਸ ਬਾਰੇ ਜਾਣੂੰ ਨਹੀਂ ਹੈ। ਕੈਲਸ਼ੀਅਮ ਅੱਖਾਂ ਦੇ ਪਿਛਲੇ ਹਿੱਸੇ ਵਿੱਚ ਵੀ ਜਮ੍ਹਾਂ ਹੋ ਜਾਂਦਾ ਹੈ ਅਤੇ ਅੱਖਾਂ ਦੀਆਂ ਉਹ ਬਿਮਾਰੀਆਂ ਨੂੰ ਜਨਮ ਦਿੰਦਾ ਹੈ ਜਿਹਨਾਂ ਬਾਰੇ ਸਾਨੂੰ ਆਮ ਹੀ ਕਹਿ ਦਿੱਤਾ ਜਾਂਦਾ ਹੈ ਕਿ ਇਸ ਬਿਮਾਰੀ ਦਾ ਕੋਈ ਇਲਾਜ ਨਹੀਂ ਹੈ। ਡੀਹਾਈਡ੍ਰੇਸ਼ਨ ਜਾਂ ਪਾਣੀ ਦੀ ਕਮੀ ਬਾਰੇ ਮੈਂ ਬਾਰ-ਬਾਰ ਲਿਖਦਾ ਰਹਿੰਦਾ ਹਾਂ ਅਤੇ ਪਾਣੀ ਸਭ ਤੋਂ ਸਸਤਾ 'ਤੇ ਮਹੱਤਵਪੂਰਨ ਤੱਤ ਹੈ ਕਿ ਬਹੁਤੇ ਲੋਕ ਇਸ ਨੂੰ ਜ਼ਿਆਦਾ ਤਰਜ਼ੀਹ ਨਹੀਂ ਦੇ ਰਹੇ। ਬਹੁਤ ਸਾਰੇ ਹਰਟ ਅਟੈਕ ਪਾਣੀ ਦਾ ਬਰਾਬਰ ਸੇਵਣ ਕਰਣ ਨਾਲ ਹੀ ਰੋਕੇ ਜਾ ਸਕਦੇ ਹਨ। ਦਿਲ ਨੂੰ ਤਾਂ ਅਸੀਂ ਇੱਕ ਖੇਡ ਹੀ ਸਮਝ ਰੱਖਿਆ ਹੈ ਕਿ ਜਦੋਂ ਚਾਹੋ ਮਸ਼ੀਨਾਂ ਫਿੱਟ ਕਰਵਾ ਲਓ ਜਦੋਂ ਚਾਹੋ ਪਲੰਬਿੰਗ ਕਰਵਾ ਲਓ, ਇੱਧਰੋਂ ਨਾੜੀਆਂ ਪੁੱਟੋ ਉਧੱਰ ਲਗਾ ਲਵੋ।

ਕੈਲਸ਼ੀਅਮ ਸਰੀਰ ਦੇ ਪੱਠਿਆਂ ਨੂੰ ਇਕੱਠਾ ਕਰਦਾ ਹੈ ਅਤੇ ਮੈਗਨੀਸ਼ੀਅਮ ਢਿੱਲਾ ਕਰਦਾ ਹੈ। ਲੱਤਾਂ ਦੀਆਂ ਕੜਵੱਲਾਂ ਵੀ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਵਿਚਕਾਰ ਸੰਤੁਲਨ ਨਾ ਹੋਣ ਦੀ ਹੀ ਨਿਸ਼ਾਨੀ ਹੈ। ਮੈਗਨੀਸ਼ੀਅਮ ਦੀ ਘਾਟ ਹੀ ਜ਼ੁੰਮੇਵਾਰ ਸਮਝੀ ਜਾਂਦੀ ਹੈ। ਬੜੇ ਦੁੱਖ ਦੀ ਗੱਲ ਹੈ ਕਿ ਜਦੋਂ ਸਿਹਤ ਵਿਭਾਗ ਵੱਲੋਂ ਰੋਜ਼ਾਨਾ ਕੈਲਸ਼ੀਅਮ ਦੀ ਲੋੜ ਨਿਰਧਾਰਤ ਕੀਤੀ ਜਾਂਦੀ ਹੈ ਤਾਂ ਕਮਿਉਨਿਟੀਜ਼ ਦਾ ਖਿਆਲ ਨਹੀਂ ਰੱਖਿਆ ਜਾਂਦਾ। ਜਿਵੇਂ ਕਿ ਸੋਡੀਅਮ ਸਰੀਰ ਵਿੱਚ ਸਮਾਉਣ ਲਈ ਕੈਲਸ਼ੀਅਮ ਦੇ ਨਾਲ ਮੁਕਾਬਲਾ ਕਰਦਾ ਹੈ। ਭਾਵ ਕਿ ਮੀਟ ਅਤੇ ਲੂਣ ਜ਼ਿਆਦਾ ਇਸਤੇਮਾਲ ਕਰਨ ਵਾਲੇ ਲੋਕਾਂ ਲਈ ਰੋਜ਼ਾਨਾ ਕੈਲਸ਼ੀਅਮ ਦੀ ਜ਼ਰੂਰਤ 2000 ਐਮ ਜੀ ਅਤੇ ਜੋ ਮੀਟ 'ਤੇ ਲੂਣ ਘੱਟ ਖਾਂਦੇ ਹਨ ਕੈਲਸ਼ੀਅਮ ਦੀ ਲੋੜ 500 ਐਮ ਜੀ ਹੀ ਕਾਫ਼ੀ ਹੈ। ਇਹੀ ਇੱਕ ਵੱਡਾ ਫ਼ਰਕ ਹੈ ਕਿ ਭਾਰਤੀਆਂ ਵਿੱਚ ਦਿਨ ਬ ਦਿਨ ਦਿਲ ਦੀਆਂ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ। ਕਿਉਂਕਿ ਸਭ ਨੂੰ ਇੱਕੋ ਰੱਸੇ ਹੀ ਬੰਨ੍ਹ ਛੱਡਿਆ ਹੈ। ਬਗੈਰ ਪੂਰਾ ਪਿਛੋਕੜ ਜਾਣੇ ਹੀ ਕੈਲਸ਼ੀਅਮ ਭਰਪੂਰ ਭੋਜਨ ਪ੍ਰਯੋਗ ਕਰਨ ਲਈ ਕਹਿ ਦਿੱਤਾ ਜਾਂਦਾ ਹੈ।

ਕੈਲਸ਼ੀਅਮ ਸੈੱਲ ਦੀ ਬਣਤਰ 'ਤੇ ਵੰਡ ਗਤੀ ਵਿੱਚ ਬਹੁਤ ਵਾਧਾ ਕਰਦਾ ਹੈ ਜਿਸ ਕਾਰਨ ਬਹੁਤ ਸਾਰੇ ਕੈਂਸਰ ਰੋਗ ਲੱਗ ਜਾਂਦੇ ਹਨ। ਇੱਕ ਅਧਿਐਨ ਅਨੁਸਾਰ ਜਿਹੜੇ ਵਿਅਕਤੀ 2000 ਐਮ ਜੀ ਰੋਜ਼ਾਨਾਂ ਤੋਂ ਵੱਧ ਕੈਲਸ਼ੀਅਮ ਵਰਤਦੇ ਹਨ ਉਹਨਾਂ ਵਿੱਚ ਪਰਾਸਟੇਟ ਕੈਂਸਰ ਦਾ ਖਤਰਾ 300% ਤਕ ਵੱਧ ਜਾਂਦਾ ਹੈ। ਮੁੱਕਦੀ ਗੱਲ ਕਿ ਕੈਲਸ਼ੀਅਮ ਅਤੇ ਮੈਗਨੀਸ਼ੀਅਮ ਦਾ ਸੰਤੁਲਨ ਹੋਣਾ ਬਹੁਤ ਜ਼ਰੂਰੀ ਹੈ। ਕੈਲਸ਼ੀਅਮ ਦੀ ਲੋੜ ਹਰੀਆਂ ਪੱਤੇਦਾਰ ਸਬਜ਼ੀਆਂ, ਮੇਵੇ, ਬੀਜ ਆਦਿ ਰਾਹੀਂ ਹੀ ਪੂਰੀ ਕਰੋ ਕਿਉਂਕਿ ਇਹ ਸਭ ਮੈਗਨੀਸ਼ੀਅਮ ਦਾ ਵੀ ਭਰਪੂਰ ਸਰੋਤ ਹਨ। ਇਹ ਗਲਤ ਧਾਰਨਾ ਹੈ ਕਿ ਕੈਲਸ਼ੀਅਮ ਸਿਰਫ਼ ਦੁੱਧ ਜਾਂ ਦੁੱਧ ਤੋਂ ਬਣੇ ਪਦਾਰਥਾਂ ਵਿੱਚੋਂ ਹੀ ਮਿਲਦਾ ਹੈ। ਹਾਥੀ, ਘੋੜੇ, ਮੱਝਾਂ ਦੀਆਂ ਮਜ਼ਬੂਤ ਅਤੇ ਵਿਸ਼ਾਲ ਹੱਡੀਆਂ ਲਈ ਕੈਲਸ਼ੀਅਮ ਦੁੱਧ ਤੋਂ ਨਹੀਂ ਬਲਕਿ ਹਰੇ ਹਰੇ ਘਾਹ ਤੋਂ ਹੀ ਮਿਲਦਾ ਹੈ। ਅਪਣਾਓ ਅੱਜ ਤੋਂ ਹੀ ਗਰੀਨ ਸਮੂਦੀ, ਤਾਜ਼ਾ ਸਬਜ਼ੀਆਂ ਦਾ ਜੂਸ, ਪੁੰਗਰੀਆਂ ਦਾਲਾਂ,ਖਮੀਰੀਆਂ ਸਬਜ਼ੀਆਂ ਅਤੇ ਆਚਾਰ (ਖੀਰਾ, ਗਾਜਰ, ਚਕੰਦਰ) ਅਤੇ ਮਾਣੋ ਚੰਗੀ ਸਿਹਤ ਦਾ ਅਨੰਦ ॥

ਸੁਖਵਿੰਦਰ ਸਿੰਘ ਬਰਾੜ
ਪ੍ਰਧਾਨ
ਹੈਲਥੀ ਲਾਈਫ਼ਸਟਾਈਲ ਨਾਲੇਜ ਫਾਊਂਡੇਸ਼ਨ

# ਗੂਗਲ ਮੈਪਸ 'ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਾ ਕਰੋ



ਪ੍ਰੋ. ਕੁਲਬੀਰ ਸਿੰਘ

ਗੂਗਲ ਮੈਪਸ ਨੇ ਦੱਸਿਆ ਮੌਤ ਦਾ ਰਸਤਾ, ਟੁੱਟੇ ਪੁਲ ਤੋਂ 20 ਫੁੱਟ ਹੇਠਾਂ ਡਿੱਗੀ ਕਾਰ। ਜੀ.ਪੀ.ਐਸ. ਨੇ ਦੱਸਿਆ ਗ਼ਲਤ ਰਸਤਾ, ਨਹਿਰ ਵਿਚ ਡੁੱਬ ਗਏ ਦੋ ਨੌਜਵਾਨ ਡਾਕਟਰ। ਅਜਿਹੀਆਂ ਸੁਰਖੀਆਂ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਦੇ ਪੰਨਿਆਂ 'ਤੇ ਅਕਸਰ ਪੜ੍ਹਨ ਵੇਖਣ ਨੂੰ ਮਿਲਦੀਆਂ ਹਨ।

ਭਾਵੇਂ ਗੂਗਲ ਮੈਪਸ ਨੇ ਧਰਤੀ 'ਤੇ ਜੀਵਨ ਸੁਖਾਲਾ ਕਰ ਦਿੱਤਾ ਹੈ। ਘੁੰਮਣਾ ਫਿਰਨਾ ਅਤੇ ਅਨਜਾਣ ਥਾਵਾਂ 'ਤੇ ਪਹੁੰਚਣਾ ਆਸਾਨ ਹੋ ਗਿਆ ਹੈ। ਇਕ ਥਾਂ ਤੋਂ ਦੂਸਰੀ ਥਾਂ ਪਹੁੰਚਣ ਵਿਚ ਸਮਾਂ ਘੱਟ ਲੱਗਦਾ ਹੈ। ਰੁਕ ਰੁਕ ਕੇ ਵਾਰ ਵਾਰ ਰਾਹ-ਰਸਤਾ ਪੁੱਛਣਾ ਨਹੀਂ ਪੈਂਦਾ। ਪਰ ਕਹਿੰਦੇ ਹਨ ਮਨੁੱਖ ਗਲਤੀਆਂ ਦਾ ਪੁਤਲਾ ਹੈ ਅਤੇ ਗੂਗਲ ਮੈਪਸ ਐਪ ਮਨੁੱਖ ਨੇ ਹੀ ਬਣਾਇਆ ਹੈ। ਪੂਰੀ ਦੁਨੀਆਂ ਦੇ, ਹਰੇਕ ਥਾਂ ਦੇ ਨਕਸ਼ਿਆਂ ਨੂੰ ਹਰ ਵੇਲੇ ਅਪਡੇਟ ਰੱਖਣਾ ਸੰਭਵ ਨਹੀਂ ਹੈ। ਕਿੱਥੇ ਕੀ ਤਬਦੀਲੀ ਹੋ ਗਈ ਹੈ, ਕਿੱਥੇ ਕਿਹੜਾ ਨੁਕਸਾਨ ਹੋ ਗਿਆ ਹੈ, ਕਿਹੜੀ ਸੜਕ ਖ਼ਰਾਬ ਹੈ, ਕਿਹੜਾ ਪੁਲ ਵਰਤੋਂ ਵਿਚ ਨਹੀਂ ਹੈ, ਕਿਹੜਾ ਪੁਲ ਢਹਿ ਗਿਆ ਹੈ, ਗੂਗਲ ਮੈਪਸ ਨੂੰ ਸੱਭ ਜਾਣਕਾਰੀ ਨਹੀਂ ਹੁੰਦੀ। ਜਾਣਕਾਰੀ ਹੋਵੇ ਵੀ ਤਾਂ ਦੁਨੀਆਂ ਭਰ ਦੇ ਨਕਸ਼ਿਆਂ ਦੀ ਸੌ ਫੀਸਦੀ ਸ਼ੁੱਧਦਾ ਸੰਭਵ ਨਹੀਂ। ਜੇਕਰ ਸਰਵਰ ਵਿਚ ਕੋਈ ਸਮੱਸਿਆ ਹੈ ਤਾਂ ਵੀ ਗੂਗਲ ਮੈਪਸ ਦੀਆਂ ਸੇਵਾਵਾਂ ਪ੍ਰਭਾਵਤ ਹੋ ਸਕਦੀਆਂ ਹਨ। ਜੇਕਰ ਟੈਨਵਰਕ ਮਜਬੂਤ ਨਹੀਂ ਹੈ ਤਦ ਵੀ ਸਥਾਨ ਦੀ ਸਹੀ ਜਾਣਕਾਰੀ, ਸਹੀ ਰਾਹ-ਰਸਤਾ ਸਥਾਪਿਤ ਕਰਨ ਵਿਚ ਮੁਸ਼ਕਲ ਆਉਂਦੀ ਹੈ। ਕਈ ਵਾਰ ਉੱਚੀਆਂ ਇਮਾਰਤਾਂ, ਸੰਘਣੇ ਰੁਖ, ਪਹਾੜ ਆਦਿ ਵੀ ਅਜਿਹੀ ਸਮੱਸਿਆ ਦਾ ਕਾਰਨ ਬਣਦੇ ਹਨ। ਬਿਹਤਰ ਹੋਵੇਗਾ ਕਿ ਆਪਣੇ ਸਾਫ਼ਟਵੇਅਰ ਨੂੰ ਅਕਸਰ ਅਪਡੇਟ ਕਰਦੇ ਰਹੋ ਅਤੇ ਆਪਣੇ ਰੂਟ, ਆਪਣੇ ਸਫ਼ਰ ਨਾਲ ਸੰਬੰਧਤ ਇਲਾਕੇ ਦੇ ਨਕਸ਼ੇ ਦੀ ਹਾਰਡ ਕਾਪੀ ਆਪਣੇ ਕੋਲ ਰੱਖੋ ਤਾਂ ਜੋ ਲੋੜ ਵੇਲੇ ਉਸਦੇ ਨਜ਼ਰ ਮਾਰੀ ਜਾ ਸਕੇ।

ਇਕ ਵਾਰ ਅਸੀਂ ਕੌਫਸ ਹਾਰਬਰ ਤੋਂ ਸਿਡਨੀ ਆ ਰਹੇ ਸਾਂ। ਰਾਤ ਦਾ ਸਮਾਂ ਸੀ। ਛੇ ਘੰਟੇ ਦਾ ਸਫ਼ਰ ਸੀ। ਬਹੁਤਿਆਂ ਨੂੰ ਨੀਂਦ ਆ ਰਹੀ ਸੀ। ਇਸ ਲਈ ਉਹ ਕਾਰ ਚਲਾਉਣ ਵਾਲੇ ਦੋਸਤ ਨੂੰ ਜੀ.ਪੀ.ਐਸ. ਆਨ ਕਰਨ ਲਈ ਕਹਿਣ ਲੱਗੇ। ਉਸਨੇ ਇਹ ਕਹਿੰਦੇ ਹੋਏ ਜੀ.ਪੀ.ਐਸ. 'ਤੇ ਜਾਣ ਤੋਂ ਮਨਾ ਕਰ ਦਿੱਤਾ ਕਿ ਇਕ ਵਾਰ ਇਸੇ ਰੂਟ 'ਤੇ ਜੀ.ਪੀ.ਐਸ. ਨੇ ਸ਼ਾਰਟਕੱਟ ਮਾਰਨ ਦੇ ਲਾਲਚ ਵਿਚ ਸਾਨੂੰ ਪਿੰਡਾਂ ਦੇ ਰਸਤੇ ਪਾ ਦਿੱਤਾ। ਬੜੀ ਖੱਜਲ ਖੁਆਰੀ ਹੋਈ। ਕੰਨਾਂ ਨੂੰ ਹੱਥ ਲਾ ਲਏ ਕਿ ਇਸਦੀ ਵਰਤੋਂ ਨਾ ਸਕਦੇ ਨੂੰ ਹੀ ਕਰਨੀ ਹੈ। ਹਰ ਵੇਲੇ ਨਹੀਂ।

ਇੰਡੀਨੇਸ਼ੀਆ ਵਿਚ ਬੜਾ ਅਜੀਬ ਮਾਮਲਾ ਸਾਹਮਣੇ ਆਇਆ ਹੈ। ਗੂਗਲ ਮੈਪਸ ਦੀ ਗ਼ਲਤੀ ਕਾਰਨ ਇਕ ਬਰਾਤ ਬੜੀ ਮਸੀਬਤ ਵਿਚ ਫ਼ਸ ਗਈ। ਗੂਗਲ ਮੈਪਸ ਦੁਆਰਾ ਦੱਸੇ ਰਸਤੇ ਅਨੁਸਾਰ ਸ਼ਾਦੀ ਵਾਲੇ ਦਿਨ ਵਿਆਹ ਵਾਲਾ ਲੜਕਾ ਬਰਾਤ ਸਮੇਤ ਕਿਸੇ ਹੋਰ ਹੀ ਘਰ ਪਹੁੰਚ ਗਿਆ। ਸਬੱਬ ਨਾਲ ਉਸ ਦਿਨ ਉਸ ਘਰ ਵਿਚ ਵੀ ਲੜਕੀ ਦੀ ਸ਼ਾਦੀ ਸੀ ਅਤੇ ਲੜਕੀ ਵਾਲੇ ਬਰਾਤ ਦੀ ਉਡੀਕ ਕਰ ਰਹੇ ਸਨ। ਉਥੇ ਸੁਆਗਤ ਵੀ ਹੋ ਗਿਆ। ਨਾ ?ਸਤਾ ਵੀ ਕਰ ਲਿਆ। ਜਦੋਂ ਦੋਹਾਂ ਪਰਿਵਾਰਾਂ ਦੇ ਮੈਂਬਰਾਂ ਦੀ ਆਪਸ ਵਿਚ ਗੱਲਬਾਤ ਹੋਈ ਤਾਂ ਕਿਸੇ ਨੂੰ ਇਸ ਗ਼ਲਤੀ ਦਾ ਅਹਿਸਾਸ ਹੋਇਆ। ਕਿਉਂਕਿ ਇਕ ਹੀ ਦਿਨ ਪਿੰਡ ਵਿਚ ਦੋ ਲੜਕੀਆਂ ਦੀਆਂ ਸ਼ਾਦੀਆਂ ਸਨ। ਅਜਿਹੀਆਂ ਪ੍ਰੇਸ਼ਾਨੀਆਂ ਦੀ ਬੀਤੇ ਸਮੇਂ ਦੌਰਾਨ ਗਿਣਤੀ ਹਜ਼ਾਰਾਂ ਵਿਚ ਰਹੀ ਹੈ। ਕਦੇ ਇਹ ਤੁਹਾਨੂੰ ਊਬੜ ਖਾਬੜ ਰਾਹਾਂ 'ਤੇ ਪਾ ਦਿੰਦੇ ਹਨ। ਕਦੇ ਗ਼ਲਤ ਦਿਸ਼ਾ ਵੱਲ ਭੇਜ ਦਿੰਦੇ ਹਨ ਅਤੇ ਲੋਕਾਂ ਨੂੰ ਖੱਜਲ ਖੁਆਰ ਹੋ ਕੇ ਵਾਪਿਸ ਮੁਖ ਸੜਕ 'ਤੇ ਆਉਣਾ ਪੈਂਦਾ ਹੈ। ਬੀਤੇ ਦਿਨੀਂ ਕੇਰਲਾ ਦਾ ਇਕ ਪਰਿਵਾਰ ਗੂਗਲ ਮੈਪਸ ਦੀ ਮਦਦ ਨਾਲ ਸਫ਼ਰ ਕਰ ਰਿਹਾ ਸੀ ਜਦ ਉਹ ਉਸ ਦਿਸ਼ਾ ਵਿਚ ਅੱਗੇ ਵਧੇ ਤਾਂ ਕਾਰ ਹੜ੍ਹ ਦੇ ਪਾਣੀ ਵਿਚ ਘਿਰ ਗਈ। ਸਥਾਨਕ ਲੋਕਾਂ ਦੇ ਉੱਦਮ ਸਦਕਾ ਉਹ ਹੜ੍ਹ ਦੇ ਸ਼ੂਕਦੇ ਪਾਣੀ ਵਿਚੋਂ ਜਿੰਦਾ ਬਾਹਰ ਆ ਸਕੇ।

ਤਕਨੀਕੀ ਮਾਹਿਰ ਮੰਨਦੇ ਹਨ ਕਿ ਪੂਰੀ ਤਰ੍ਹਾਂ ਇਸ ਤਕਨੀਕ ਦੇ ਭਰੋਸੇ ਨਹੀਂ ਰਿਹਾ ਜਾ ਸਕਦਾ। ਜੇ ਅਸੀਂ ਅੱਖਾਂ ਬੰਦ ਕਰਕੇ ਗੂਗਲ ਮੈਪਸ ਅਨੁਸਾਰ ਜਾਵਾਂਗੇ ਤਾਂ ਕਦੇ ਵੀ, ਕਿਤੇ ਵੀ ਧੋਖਾ ਖਾ ਸਕਦੇ ਹਾਂ। ਦਰਅਸਲ ਨਕਸ਼ਾ ਲਗਭਗ 20 ਮੀਟਰ ਤੱਕ ਤੁਹਾਡਾ ਸਥਾਨ ਜਾਨਣ ਲਈ ਉਪਗ੍ਰਿਹਾਂ ਦੀ ਵਰਤੋਂ ਕਰਦਾ ਹੈ। ਜਦੋਂ ਤੁਸੀਂ ਪੁਲ, ਫਲਾਈਓਵਰ ਦੇ ਹੇਠਾਂ ਜਾਂ ਸੁਰੰਗ ਵਿਚ ਹੁੰਦੇ ਹੋ ਤਾਂ ਜੀ.ਪੀ.ਐਸ. ਕਦੇ ਕਦਾਈਂ ਗ਼ਲਤ ਹੋ ਸਕਦਾ ਹੈ। ਨੇੜੇ ਤੇੜੇ ਦੇ ਵਾਈ ਫਾਈ ਨੈਟਵਰਕ ਦਾ ਸਥਾਨ ਨਕਸ਼ੇ ਨੂੰ ਇਹ ਜਾਨਣ ਵਿਚ ਸਹਾਇਤਾ ਕਰਦਾ ਹੈ ਕਿ ਤੁਸੀਂ ਕਿੱਥੇ ਹੋ। ਮੋਬਾਈਲ ਡੇਟਾ ਨਾਲ ਤੁਹਾਡਾ ਕਨੈਕਸ਼ਨ ਕੁਝ ਹਜ਼ਾਰ ਮੀਟਰ ਤੱਕ ਹੀ ਸਟੀਕ ਹੋ ਸਕਦਾ ਹੈ। ਇਨ੍ਹਾਂ ਕਾਰਨਾਂ ਕਰਕੇ ਕਈ ਵਾਰ ਗਲਤੀ ਲੱਗ ਜਾਂਦੀ ਹੈ। ਵੈਸੇ ਵੀ ਭਾਰਤ ਵਿਚ ਗੂਗਲ ਮੈਪਸ ਦੀ ਸਥਿਤੀ ਹੋਰਨਾਂ ਮੁਲਕਾਂ ਦੇ ਮੁਕਾਬਲੇ ਖ਼ਰਾਬ ਹੈ ਕਿਉਂਕਿ ਇਥੇ ਇਕ ਵਰਗ ਮੀਟਰ ਵਿਚ ਇਕ ਪਿਕਸਲ ਰੇਂਜ ਹੈ। ਕਹਿਣ ਦਾ ਭਾਵ ਤੁਹਾਨੂੰ ਇਕ ਪਿਕਸਲ ਵਿਚ ਇਕ ਵਰਗ ਮੀਟਰ ਤੋਂ ਵੱਧ ਨਹੀਂ ਵਿਖਾਇਆ ਜਾ ਸਕਦਾ। ਇਹ ਨਿਯਮ ਹੈ ਅਤੇ ਸਰੱਖਿਆ ਦੀ ਦ੍ਰਿਸ਼ਟੀ ਤੋਂ ਵੀ ਦਰੁਸਤ ਹੈ। ਜਦੋਂ ਕਿ ਹੋਰਨਾਂ ਦੇਸ਼ਾਂ ਵਿਚ ਇਹ ਇਕ ਮੀਟਰ ਤੋਂ ਘੱਟ ਹੈ। ਇਸ ਲਈ ਉਥੋਂ ਦਾ ਨਕਸ਼ਾ ਸਾਫ਼ ਤੇ ਸਪਸ਼ਟ ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਹੋਰਨਾਂ ਮੁਲਕਾਂ ਵਿਚ ਹਵਾਈ ਉਡਾਨ ਦੁਆਰਾ ਤਸਵੀਰ ਲੈਣ ਦੀ ਆਗਿਆ ਹੈ ਜਦਕਿ ਭਾਰਤ ਵਿਚ ਨਹੀਂ ਹੈ। ਇਸ ਲਈ ਇਥੇ ਨਕਸ਼ਾ ਸਪਸ਼ਟ ਨਹੀਂ ਹੁੰਦਾ। ਆਉਣ ਵਾਲੇ ਸਮੇਂ ਵਿਚ ਇਹ ਮਸਲਾ ਹੱਲ ਹੋ ਸਕਦਾ ਹੈ ਕਿਉਂਕਿ ਬਹੁਤ ਸਾਰੀਆਂ ਕੰਪਨੀਆਂ ਨੂੰ ਦਿੱਕਤ ਆ ਰਹੀ ਹੈ ਅਤੇ ਉਹ ਵਾਰ ਵਾਰ ਸ਼ਕਾਇਤ ਕਰ ਰਹੀਆਂ ਹਨ।





ਉਮਰਾਂ 'ਚ ਕੀ ਰੱਖਿਆ

# 70 ਸਾਲਾ ਤਪਿੰਦਰ ਸਿੰਘ ਸਾਊਥ ਔਕਲੈਂਡ ਮਾਸਟਰਜ਼ ਗੇਮਜ਼ ਵਿੱਚ ਵੀ ਜਿੱਤੇ 8 ਤਮਗੇ



ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- 'ਸਾਊਥ ਆਈ ਲੈਂਡ ਮਾਸਟਰਜ਼ ਗੇਮਜ਼' ਜੋ ਕਿ ਬਲਿਨਹੇਮ (ਮਾਰਲਬੌਰੋ) ਵਿਖੇ 10 ਅਕਤੂਬਰ ਤੋਂ 23 ਅਕਤੂਬਰ ਤੱਕ ਹੋ ਰਹੀਆਂ ਹਨ, ਦੇ ਵਿਚ ਔਕਲੈਂਡ ਤੋਂ ਇਕੋ-ਇਕ ਸਰਦਾਰ ਜੀ ਸ. ਤਪਿੰਦਰ ਸਿੰਘ (70) ਹੋਰੀਂ ਭਾਗ ਲੈਣ ਪਹੁੰਚੇ। ਉਨ੍ਹਾਂ ਨੇ 4 ਸੋਨੇ ਦੇ ਅਤੇ 4 ਚਾਂਦੀ ਦੇ ਤਮਗੇ ਜਿੱਤ ਕੇ ਨਾਰਥ ਆਈਲੈਂਡ ਵਾਲਿਆਂ ਦਾ ਮਾਣ ਵਧਾਇਆ। ਉਨ੍ਹਾਂ ਨੇ ਹਾਈ ਜੰਪ, ਜੈਵਲਿਨ, 100 ਮੀਟਰ ਦੌੜ, ਲੌਂਗ ਜੰਪ, ਹੈਮਰ ਥ੍ਰੋਅ, ਸ਼ਾਟਪੁੱਟ, ਡਿਸਕਸ ਥ੍ਰੋਅ ਅਤੇ ਟ੍ਰਿਪਲਜੰਪ ਵਿਚ ਭਾਗ ਲਿਆ। ਇਸ ਤੋਂ ਪਹਿਲਾਂ ਪਿਛਲੇ ਹਫਤੇ ਹੀ ਉਨਾਂ19ਵੀਂਆਂ 'ਆਸਟਰੇਲੀਅਨ ਮਾਸਟਰਜ਼ ਗੇਮਜ਼' ਜੋ ਕਿ ਐਡੀਲੇਡ ਵਿਖੇ 6 ਅਕਤੂਬਰ ਤੋਂ 14 ਅਕਤੂਬਰ ਤੱਕ ਹੋਈਆਂ, ਦੇ ਵਿਚ ਦੋ ਕਾਂਸੀ ਦੇ ਤਮਗੇ ਅਤੇ ਇਕ ਚਾਂਦਾ ਦਾ ਤਮਗਾ ਜਿੱਤ ਕੇ ਨਿਊਜ਼ੀਲੈਂਡ ਵਾਸੀਆਂ ਦਾ ਮਾਣ ਵਧਾਇਆ ਸੀ।ਸ. ਤਪਿੰਦਰ ਸਿੰਘ ਹੋਰਾਂ ਨੂੰ ਬਹੁਤ ਬਹੁਤ ਵਧਾਈ ਹੋਵੇ। ਉਨ੍ਹਾਂ ਦੇ ਆਸਟਰੇਲੀਆ ਵਿਖੇ ਹਲਕੀ ਸੱਟ ਵੀ ਲੱਗ ਗਈ ਸੀ, ਪਰ ਉਨ੍ਹਾਂ ਸਾਊਥਆਈਲੈਂਡ ਵਾਲੀਆਂ ਖੇਡਾਂ ਦੇ ਵਿਚ ਜਾਣਾਨਹੀਂ ਛੱਡਿਆ ਅਤੇ 8 ਤਮਗੇ ਜਿੱਤ ਕੇ ਬਹੁ ਕੌਮੀ ਇਸ ਮੁਲਕ ਦੇ ਵਿਚ ਸਿੱਖ ਸਰਦਾਰਾਂ ਦੀ ਵੀ ਹਾਜ਼ਰੀ ਲਗਵਾਈ।

# ਜਾਨ ਹੈ ਤਾਂ ਜਹਾਨ ਹੈ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਇਹ ਅਟੱਲ ਸੱਚਾਈ ਹੈ ਕਿ ਇਨਸਾਨ ਵਾਸਤੇ ਸਭ ਤੋਂ ਅਣਮੋਲ ਵਸਤੂਉਸ ਦੀ ਜ਼ਿੰਦਗੀ ਹੁੰਦੀ ਹੈ। ਮੌਤ ਨੂੰ ਸਾਹਮਣੇ ਵੇਖ ਕੇ ਵੱਡੇ ਵੱਡੇ ਸੂਰਮੇਵੀ ਸੁੱਕੇ ਪੱਤੇ ਵਾਂਗ ਕੰਬਣ ਲੱਗ ਜਾਂਦੇ ਹਨ।ਪੁਰਾਣੇ ਸਮੇਂ ਦੀ ਗੱਲ ਹੈ ਕਿ ਕਿਸੇ ਰਾਜੇ ਦਾ ਇੱਕੋ ਇੱਕ ਪੁੱਤਰ ਸੀ ਜੋ ਉਸ ਨੇ ਪਤਾ ਨਹੀਂ ਕਿੱਥੇ ਕਿੱਥੇ ਮੱਥੇ ਰਗੜ ਕੇ ਪ੍ਰਾਪਤ ਕੀਤਾ ਸੀ। ਰਾਜਕੁਮਾਰ ਅਜੇ ਦੋ ਤਿੰਨ ਸਾਲਾਂਦਾ ਹੀ ਸੀ ਕਿ ਕਿਸੇ ਨਾਮੁਰਾਦ ਬਿਮਾਰੀ ਕਾਰਨ ਮਰਨ ਕਿਨਾਰੇ ਪਹੁੰਚ ਗਿਆ। ਸਾਫ ਲੱਗਦਾ ਸੀ ਕਿ ਉਹ ਥੋੜ੍ਹੇ ਦਿਨਾਂ ਦਾ ਹੀ ਮਹਿਮਾਨ ਹੈ। ਮਹਿਲਾਂ ਵਿੱਚ ਵਿਰਲਾਪ ਪੈ ਗਿਆ। ਰਾਜਾ ਕਹੇ ਕਿ ਹਾਏ ਰੱਬਾ ਮੇਰੀ ਜਾਨ ਲੈ ਲਾ, ਪਰ ਮੇਰੇ ਪੁੱਤਰ ਦੀ ਜਾਨ ਬਖਸ਼ ਦੇ। ਰਾਣੀ ਧਾਹਾਂ ਮਾਰੀ ਜਾਵੇ ਕਿਰੱਬਾ ਮੈਨੂੰ ਚੁੱਕ ਲਾ ਤੇ ਰਾਜੇ ਦੀ ਖੁਸ਼ਨੂਦੀ ਹਾਸਲ ਕਰਨ ਲਈ ਸਾਰੇ ਮੰਤਰੀ ਸੰਤਰੀ ਵੀ ਇਹ ਹੀ ਵਿਰਲਾਪ ਕਰੀ ਜਾਣ। ਜਦੋਂ ਦਰਬਾਰੀ ਵੈਦਾਂ ਨੇ ਹੱਥ ਖੜੇ ਕਰ ਦਿੱਤੇ ਤਾਂ ਰਾਜੇ ਨੇ ਸਾਰੇ ਰਾਜ ਵਿੱਚ ਢੰਡੋਰਾ ਫਿਰਵਾ ਦਿੱਤਾ ਕਿ ਜਿਹੜਾ ਵੀ ਮੇਰੇ ਪੁੱਤਰ ਨੂੰ ਠੀਕ ਕਰ ਦੇਵੇਗਾ, ਉਸ ਨੂੰ ਮੂੰਹ ਮੰਗਿਆ ਇਨਾਮ ਬਖਸ਼ਿਆ ਜਾਵੇਗਾ। ਇਹ ਸੁਣ ਕੇ ਵੱਡੇ ਵੱਡੇ ਵੈਦ, ਹਕੀਮ, ਤਾਂਤਰਿਕ ਅਤੇ ਮਾਂਤਰਿਕ ਆਦਿ ਮਹਿਲਾਂ ਵਿੱਚ ਪਹੁੰਚ ਗਏ ਤੇ ਆਪਣੀ ਵਾਹ ਲਗਾ ਲਈ, ਪਰ ਕੋਈ ਫਰਕ ਨਾ ਪਿਆ।



ਕੁਝ ਦਿਨਾਂ ਬਾਅਦ ਰਿੱਧੀਆਂ ਸਿੱਧੀਆਂ ਦਾ ਮਾਲਕ ਇੱਕ ਚਮਤਕਾਰੀ ਸੰਤ ਵੀ ਦਰਬਾਰ ਵਿੱਚ ਆਣ ਪਹੁੰਚਿਆ। ਉਸ ਨੇ ਰਾਜੇ ਨੂੰ ਕਿਹਾ, ਉਮੈਂ ਰਾਜਕੁਮਾਰ ਦੀ ਜਾਨ ਬਚਾ ਸਕਦਾ ਹਾਂ। ਪਰ ਇਹ ਤਾਂ ਹੀ ਸੰਭਵ ਹੈ ਜੇ ਕੋਈ ਵਿਅਕਤੀ ਆਪਣੀ ਮਰਜ਼ੀ ਨਾਲ ਇਸ ਦੀ ਜਗ੍ਹਾ ਜਾਨ ਨਿਸ਼ਾਵਰਕਰਨ ਲਈ ਤਿਆਰ ਹੋ ਜਾਵੇ। ਕੀ ਤੁਸੀਂ ਇਹ ਕੁਰਬਾਨੀ ਦੇ ਸਕਦੇ ਹੋ?" ਸੁਣ ਕੇ ਰਾਜਾ ਝਾੜ ਵਿੱਚ ਫਸੇ ਬਿੱਲੇ ਵਾਂਗਇਧਰ ਉਧਰ ਝਾਕਣ ਲੱਗ ਪਿਆ। ਉਸ ਨੇ ਸੋਚਿਆ ਕਿ ਰਾਜ ਪਾਟ ਸੰਭਾਲਣ ਵਾਸਤੇ ਰਾਜਕੁਮਾਰ ਦੀ ਉਮਰ ਅਜੇ ਬਹੁਤ ਛੋਟੀ ਹੈ। ਜੇ ਮੈਂ ਮਰ ਗਿਆ ਤਾਂ ਦੁਸ਼ਮਣਾਂ ਨੇ ਇਸ ਨੂੰ ਦੋ ਦਿਨਾਂ ਵਿੱਚ ਹੀ ਮਾਰ ਕੇ ਰਾਜ 'ਤੇ ਕਬਜ਼ਾ ਕਰ ਲੈਣਾ ਹੈ ਤੇ ਮੇਰੀ ਕੁਰਬਾਨੀ ਭੰਗ ਦੇ ਭਾੜੇ ਜਾਵੇਗੀ। ਮੈਂ ਫਿਰ ਆਪਣੀ ਜਾਨ ਕਿਉਂ ਜਾਇਆ ਕਰਾਂ? ਕੀ ਪਤਾ ਰੱਬ ਮੈਨੂੰ ਹੋਰ ਪੁੱਤਰ ਦੀ ਦਾਤ ਦੇ ਦੇਵੇ। ਉਸ ਨੇ ਜਾਨ ਦੇਣ ਤੋਂ ਇਨਕਾਰ ਕਰ ਦਿੱਤਾ। ਫਿਰ ਸੰਤ ਨੇ ਰਾਣੀ ਨੂੰ ਪੁੱਛਿਆ। ਰਾਣੀ ਨੇ ਸੋਚਿਆ ਕਿ ਜੇ ਮੈਂ ਮਰ ਗਈ, ਰਾਜੇ ਨੇ ਤਾਂ ਚਾਰ ਦਿਨਾਂ ਬਾਅਦ ਹੀ ਦੂਸਰਾ ਵਿਆਹ ਕਰ ਲੈਣਾ ਹੈ। ਮਤਰੇਈ ਮਾਂ ਨੇ ਮੇਰੇ ਪੁਤਰ ਨੂੰ ਜਿੰਦਾ ਨਹੀਂ ਰਹਿਣ ਦੇਣਾ ਕਿਉਂਕਿ ਉਹ ਤਾਂ ਆਪਣੇ ਪੁਤਰ ਨੂੰ ਹੀ ਗੱਦੀ 'ਤੇ ਬਿਠਾਉਣਾ ਚਾਹੇਗੀ। ਰਾਣੀ ਨੇ ਵੀ ਆਪਣੀ ਜਾਨ ਦੇਣ ਤੋਂ ਇਨਕਾਰ ਕਰ ਦਿੱਤਾ।

ਜਦੋਂ ਸੰਤ ਨੇ ਭੁੱਖੇ ਕੱਟਿਆਂ ਵਾਂਗ ਉੱਚੀ ਉੱਚੀ ਵਿਰਲਾਪ ਕਰ ਰਹੇ ਸੈਨਾਪਤੀ, ਮੰਤਰੀ ਅਤੇ ਦਰਬਾਰੀਆਂ ਆਦਿ ਨੂੰ ਇਹ ਸਵਾਲ ਪਾਇਆ ਤਾਂ ਉਹ ਵੀ ਗੁੰਮ ਸੁੰਮ ਹੋ ਗਏ। ਉਹਨਾਂ ਸੋਚਿਆ ਕਿ ਜੇ ਰਾਜਕੁਮਾਰ ਦੇ ਸਕੇ ਮਾਂ ਬਾਪ ਆਪਣੀ ਜਾਨ ਦੇਣ ਲਈ ਤਿਆਰ ਨਹੀਂ ਹਨ ਤਾਂ ਸਾਨੂੰ ਮਰਨ ਦੀ ਕੀ ਜਰੂਰਤ ਹੈ ?ਇਹ ਸਾਡਾ ਕੀ ਲੱਗਦਾ ਹੈ ? ਮੁੱਕਦੀ ਗੱਲ ਕਿ ਅੱਜ ਦੇ ਲੀਡਰਾਂ ਵਾਂਗਵੱਡੇ ਵੱਡੇ ਦਾਅਵੇ ਕਰਨ ਵਾਲਾ ਕੋਈ ਵੀ ਵਿਅਕਤੀ ਆਪਣੀ ਜਾਨ ਦੇਣ ਲਈ ਤਿਆਰ ਨਾ ਹੋਇਆ। ਲੋਕਾਂ ਦੀ ਕਥਨੀ ਅਤੇ ਕਰਨੀ ਵਿੱਚ ਫਰਕ ਵੇਖ ਕੇ ਸੰਤ ਮੰਦ ਮੰਦ ਮੁਸਕਰਾਉਂਦਾ ਹੋਇਆ ਆਪਣੇ ਰਾਹ ਪੈ ਗਿਆ ਤੇ ਰਾਜਾ, ਰਾਣੀ ਅਤੇ ਦਰਬਾਰੀ ਸ਼ਰਮਿੰਦੇ ਜਿਹੇ ਹੋਏ ਇੱਕ ਦੂਸਰੇ ਤੋਂ ਨਜ਼ਰਾਂ ਚੁਰਾ ਕੇ ਇਧਰ ਉਧਰ ਝਾਕਣ ਲੱਗ ਪਏ।

# ਨਿਊਜ਼ੀਲੈਂਡ ਚੋਣ ਨਤੀਜਿਆਂ ਬਾਅਦ ਦੋ ਭਾਰਤੀ ਬੀਬੀਆਂ ਦੀ ਸੰਸਦ ਵਿੱਚ ਦਸਤਕ ਲਗਭਗ ਪੱਕੀ

## ਡਾ. ਪਰਮਜੀਤ ਕੌਰ ਪਰਮਾਰ ਹਲਕਾ ਪਾਕੂਰੰਗਾ ਅਤੇ ਪ੍ਰਿਅੰਕਾਰਾਧਾਕ੍ਰਿਸ਼ਨਾ ਹਲਕਾ ਮਾਉਂਗਾਕੇਕੀ ਤੋਂ ਲਿਸਟ ਐਮ. ਪੀ. ਕੋਟੇ ਵਿਚ ਆਈਆਂ



ਡਾ. ਪਰਮਜੀਤ ਕੌਰ ਪਰਮਾਰ ਪ੍ਰਿਅੰਕਾ ਰਾਧਾਕ੍ਰਿਸ਼ਨਨ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਨਿਊਜ਼ੀਲੈਂਡ ਦੀ 54ਵੀਂ ਸੰਸਦ ਦੀ ਰਚਨਾ ਲਈ ਬੀਤੇ ਕੱਲ੍ਹ ਆਮ ਚੋਣਾਂ ਸੰਪਨ ਹੋਈਆਂ ਜਿਸ ਦੇ ਵਿਚ ਸਾਹਮਣੇ ਆਏ ਚੋਣ ਨਤੀਜਿਆਂ (ਰੁਝਾਨ) ਦੇ ਵਿਚ ਨੈਸ਼ਨਲ ਪਾਰਟੀ ਨੂੰ 45 ਸੀਟਾਂ ਚੋਣ ਜਿੱਤ ਰਾਹੀਂ ਅਤੇ 5 ਸੀਟਾਂ ਪਾਰਟੀ ਵੋਟ ਦੇ ਅਧਾਰ ਉਤੇ ਮਿਲੀਆਂ, ਲੇਬਰ ਪਾਰਟੀ ਨੂੰ 17 ਸੀਟਾਂ ਚੋਣ ਜਿੱਤ ਰਾਹੀਂ ਅਤੇ 17 ਸੀਟਾਂ ਪਾਰਟੀ ਵੋਟ ਦੇ ਅਧਾਰ ਉਤੇ, ਗ੍ਰੀਨ ਪਾਰਟੀ ਨੂੰ 3 ਸੀਟਾਂ ਚੋਣ ਜਿੱਤ ਕੇ ਅਤੇ 11 ਪਾਰਟੀ ਵੋਟ ਅਧਾਰ ਉਤੇ, ਐਕਟ ਪਾਰਟੀ ਨੂੰ 2 ਸੀਟਾਂ ਚੋਣ ਜਿੱਤ ਕੇ ਅਤੇ 9 ਸੀਟਾਂ ਪਾਰਟੀ ਵੋਟ ਅਧਾਰ ਉਤੇ, ਨਿਊਜ਼ੀਲੈਂਡ ਫਸਟ ਪਾਰਟੀ ਨੂੰ ਪਾਰਟੀ ਵੋਟ ਦੇ ਅਧਾਰ 8 ਸੀਟਾਂ ਅਤੇ ਟੀ ਮਾਓਰੀ ਨੂੰ 4 ਸੀਟਾਂ ਚੋਣ ਜਿੱਤ ਕੇ ਮਿਲੀਆਂ ਹਨ।

ਦੋ ਭਾਰਤੀ ਬੀਬੀਆਂ ਦੀ ਦਸਤਕ

ਹਲਕਾ ਪਾਕੂਰੰਗਾ ਤੋਂ ਐਕਟ ਪਾਰਟੀ ਦੀ ਤਰਫ ਤੋਂ ਪੰਜਾਬੀ ਮੂਲ ਦੇ ਡਾ. ਪਰਮਜੀਤ ਕੌਰ ਪਰਮਾਰ ਚੋਣ ਲੜੇ ਸਨ। ਇਥੇ ਐਕਟ ਪਾਰਟੀ ਮੁੱਖ ਤੌਰ ਉਤੇ ਚੋਣ ਅਧਾਰ ਦੀ ਥਾਂ ਪਾਰਟੀ ਵੋਟ ਦੀ ਮੰਗ ਕਰ ਰਹੀ ਸੀ ਅਤੇ ਇਸ ਕਰਕੇ ਇਥੇ ਵੋਟਾਂ ਪਾਉਣ ਦੀ ਥਾਂ ਪਾਰਟੀ ਵੋਟ ਦੀ ਜਿਆਦਾ ਮੰਗ ਕੀਤੀ ਗਈ ਸੀ, ਜਿਸ ਦੇ ਵਿਚ ਐਕਟ ਪਾਰਟੀ 3030 ਵੋਟਾਂ ਲੈਣ ਵਿਚ ਕਾਮਯਾਬ ਰਹੀ। ਡਾ. ਪਰਮਜੀਤ ਪਰਮਾਰ ਨੂੰ ਉਮੀਦਵਾਰ ਵਜੋਂ ਵੋਟਾਂ ਸਿਰਫ 992 ਹੀ ਪਈਆਂ ਪਰ ਪਾਰਟੀ ਰੈਂਕਿੰਗ ਦੇ ਵਿਚ ਪੱਧਰ 9 ਉਤੇ ਹੋਣ ਕਰਕੇ ਉਨ੍ਹਾਂ ਦਾ ਸੰਸਦ ਵਿਚ ਪਹੁੰਚਣਾ ਤੈਅ ਹੋ ਗਿਆ ਹੈ। ਇਥੋਂ ਨੈਸ਼ਨਲ ਪਾਰਟੀ ਦੇ ਸਾਇਮਨ ਬ੍ਰਾਉਨ 21215 ਵੋਟਾਂ ਲੈ ਕੇ ਜੇਤੂ ਰਹੇ ਅਤੇ ਡਾ. ਪਰਮਜੀਤ ਪਰਮਾਰ ਤੀਜੇ ਨੰਬਰ ਉਤੇ ਰਹੇ।

ਹਲਕਾ ਮਾਉਂਗਾਕੇਕੀ: ਇਥੋਂ ਭਾਰਤੀ ਮੂਲ ਦੀ ਪਹਿਲੀ ਮਹਿਲਾ ਏਥਨਿਕ ਮੰਤਰੀ ਬਣੀ, ਦੋ ਵਾਰ ਦੀ ਸੰਸਦ ਮੈਂਬਰ ਪ੍ਰਿਅਕਾਰਾਧਾਕ੍ਰਿਸ਼ਨਨ ਖੜੇ ਸਨ ਅਤੇ ਉਹ ਇਸ ਵਾਰ ਉਮੀਦਵਾਰ ਵਜੋਂ ਚੋਣ ਨਹੀਂ ਜਿੱਤ ਸਕੇ। ਉਹ ਆਪਣੇ ਵਿਰੋਧੀ ਫਲੇਮਿੰਗਗ੍ਰੈਗ ਤੋਂ ਲਗਪਗ3650 ਵੋਟਾਂ ਦੇ ਫਰਕ ਨਾਲ ਹਾਰ ਗਏ। ਇਨ੍ਹਾਂ ਨੂੰ 9114 ਵੋਟਾਂ ਅਤੇ 70098 ਪਾਰਟੀ ਵੋਟ ਪਈ। ਲੇਬਰ ਪਾਰਟੀ ਦੇ ਵਿਚ ਉਨ੍ਹਾਂ ਦਾ ਲਿਸਟ ਐਮ.ਪੀ. ਵੱਜੋਂ 15ਵਾਂ ਨੰਬਰ ਹੋਣ ਕਰਕੇ, ਪਾਰਟੀ ਵੋਟ ਦੇ ਅਧਾਰ ਉਤੇ ਉਨ੍ਹਾਂ ਦਾ ਸੰਸਦ ਦੇ ਵਿਚ ਪਹੁੰਚਣਾ ਤੈਅ ਹੋ ਚੁੱਕਾ ਹੈ।ਇਸ ਤੋਂ ਇਲਾਵਾ 8-9 ਦੇ ਕਰੀਬ ਹੋਰ ਭਾਰਤੀ ਉਮੀਦਵਾਰ ਵੀ ਚੋਣ ਲੜ ਰਹੇ ਸਨ, ਪਰ ਕੋਈ ਵੀ ਚੋਣ ਜਿੱਤ ਕੇ ਜਾਂ ਵੋਟਾਂ ਦੇ ਅਧਾਰ ਉਤੇ ਸੰਸਦ ਦੇ ਵਿਚ ਪਹੁੰਚਦਾ ਮੁਸ਼ਕਿਲ ਜਾਪਦਾ ਹੈ। ਰਸਮੀ ਨਤੀਜੇ 3 ਨਵੰਬਰ ਨੂੰ ਆਉਣੇ ਹਨ ਅਤੇ ਫਿਰ ਨਵੀਂ ਸਰਕਾਰ ਦੀ ਰੂਪ-ਰੇਖਾ ਤਿਆਰ ਕੀਤੀ ਜਾਵੇਗੀ। ਸੋ ਅਖੀਰ ਵਿਚ ਕਹਿ ਸਕਦੇ ਹਾਂ ਕਿ ਇਸ ਵਾਰ ਨਿਊਜ਼ੀਲੈਂਡ ਵਸਦੇ ਲਗਪਗ4-5 ਲੱਖ ਭਾਰਤੀ ਲੋਕਾਂ ਦੀ ਨੁਮਾਇੰਦਗੀ ਸਿਰਫ ਦੋ ਬੀਬੀਆਂ ਦੇ ਹਿੱਸੇ ਹੀ ਆਵੇਗੀ। ਇਹ ਦੋਵੇਂ ਬੀਬੀਆਂ ਇਕ ਦੂਜੇ ਦੀ ਵਿਰੋਧੀ ਪਾਰਟੀ ਦੀਆਂ ਮੈਂਬਰ ਹਨ ਅਤੇ ਇਨ੍ਹਾਂ ਦੀ ਟਿਊਨਿੰਗ ਕਿਵੇਂ ਰਹੇਗੀ ? ਸਮਾਂ ਹੀ ਦੱਸੇਗਾ।ਇਹ ਗੱਲ ਸੱਚ ਹੈ ਕਿ ਵੋਟਰਾਂ ਨੇ ਇਨ੍ਹਾਂ ਨੂੰ ਯੋਗ ਉਮੀਦਵਾਰ ਨਹੀਂ ਮੰਨਿਆ ਪਰ ਇਨ੍ਹਾਂ ਦੀ ਪਾਰਟੀ ਨੂੰ ਵਧੀਆ ਮੰਨ ਕੇ ਵੋਟ ਜ਼ਰੂਰ ਜ਼ਿਆਦਾ ਪਾਈ ਹੈ।







# ਰੌਸ਼ਨ ਪ੍ਰਿੰਸ਼ ਤੇ ਸਾਇਰਾ ਦੀ ਮਨੋਰੰਜਨ ਭਰਪੂਰ ਫ਼ਿਲਮ ਬਿਨਾ ਬੈਂਡ ਚੱਲ ਇੰਗਲੈਂਡ







ਸੁਰਜੀਤ ਜੱਸਲ
9814607737

ਪੰਜਾਬੀ ਦਰਸ਼ਕਾਂ ਦੀ ਪਹਿਲੀ ਪਸੰਦ ਕਾਮੇਡੀ ਫਿਲਮਾਂ ਹਨ ਪਰ ਜਦੋਂ ਕਾਮੇਡੀ ਦੇ ਨਾਲ ਨਾਲ ਕਹਾਣੀ ਦੇ ਵਿੱਚ ਸਮਾਜਿਕ ਮੁੱਦਿਆਂ ਅਤੇ ਰਿਸ਼ਤਿਆਂ ਦੀ ਗੱਲ ਹੋਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ। ਇਸ ਦੀ ਤਾਜ਼ਾ ਮਿਸਾਲ ਪੰਜਾਬੀ ਫਿਲਮ ਬਿਨਾਂ ਬੈਂਡ ਚੱਲ ਇੰਗਲੈਂਡ ਹੈ। ਕਾਮੇਡੀ,ਰੁਮਾਂਸ ਤੇ ਡਰਾਮੇ ਦੇ ਨਾਲ ਰਿਸ਼ਤਿਆਂ ਦੀ ਅਹਿਮੀਅਤ ਦੀ ਗੱਲ ਕਰਦੀ ਇਹ ਮਨੋਰੰਜਨ ਭਰਪੂਰ ਫਿਲਮ 17 ਨਵੰਬਰ ਨੂੰ ਰਿਲੀਜ ਹੋਣ ਜਾਂ ਰਹੀ ਹੈ। ਰਿਲੀਜ ਤੋਂ ਪਹਿਲਾਂ ਹੀ ਚਰਚਾ ਵਿੱਚ ਇਸ ਫਿਲਮ ਦਾ ਹੀਰੋ ਰੌਸ਼ਨ ਪ੍ਰਿੰਸ ਹੈ। ਫ਼ਿਲਮ ਦੀ ਹੀਰੋਇਨ ਸਾਇਰਾ ਹੈ। ਉਹ ਇਸ ਫਿਲਮ ਜ਼ਰੀਏ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ ਕਰ ਰਹੀ ਹੈ। ਗੁਰਪ੍ਰੀਤ ਘੁੱਗੀ, ਬੀ ਐਨ ਸ਼ਰਮਾ, ਸੁੱਖੀ ਚਾਹਲ, ਰੁਪਿੰਦਰ ਰੂਪੀ, ਗੁਰਜੀਤ ਕੌਰ, ਹਾਰਬੀ ਸੰਘਾ, ਰਾਜ ਧਾਲੀਵਾਲ, ਨੇਹਾ ਦਿਆਲ, ਮਨਪ੍ਰੀਤ ਮਨੀ, ਰਾਣਾ ਜੰਗ ਬਹਾਦਰ ਅਤੇ ਬਦਰ ਖਾਨ ਨੇ ਇਸ ਫਿਲਮ ਚ ਅਹਿਮ ਭੂਮਿਕਾ ਨਿਭਾਈ ਹੈ। ਵੀ ਆਈ ਪੀ ਫ਼ਿਲਮਸ ਯੂ ਐਸ ਏ ਦੇ ਬੈਨਰ ਹੇਠ ਬਣੀ ਨਿਰਮਾਤਾ ਬਲਵਿੰਦਰ ਹੀਰ, ਰਮਨ ਪਲਟਾ ਅਤੇ ਹਰਸ਼ ਵਿਰਕ ਦੀ ਇਸ ਫ਼ਿਲਮ ਨੂੰ ਰਾਜੂ ਵਰਮਾ ਨੇ ਲਿਖਿਆ ਅਤੇ ਸਤਿੰਦਰ ਸਿੰਘ ਦੇਵ ਨੇ ਡਾਇਰੈਕਟ ਕੀਤਾ ਹੈ। ਕਾਰਜਕਾਰੀ ਨਿਰਮਾਤਾ ਪ੍ਰਵੀਨ ਕੁਮਾਰ ਦੀ ਨਿਗਰਾਨੀ ਹੇਠ ਪੰਜਾਬ ਅਤੇ ਲੰਡਨ ਵਿੱਚ ਫਿਲਮਾਈ ਗਈ ਇਹ ਫ਼ਿਲਮ ਪੰਜਾਬੀ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨ ਦਾ ਦਮ ਰੱਖਦੀ ਹੈ। ਰਿਸ਼ਤਿਆਂ ਦੀ ਅਹਿਮੀਅਤ ਦੀ ਗੱਲ ਕਰਦੀ ਇਹ ਫ਼ਿਲਮ ਆਮ ਪੰਜਾਬੀ ਫ਼ਿਲਮਾਂ ਨਾਲੋਂ ਬਿਲਕੁਲ ਵੱਖਰੀ ਫਿਲਮ ਹੈ। ਫਿਲਮ ਵਿੱਚ ਮੁੱਖ ਭੂਮਿਕਾ ਨਿਭਾ ਰਹੇ ਰੌਸ਼ਨ ਪ੍ਰਿੰਸ ਮੁਤਾਬਕ ਇਸ ਫਿਲਮ ਵਿੱਚ ਦਰਸ਼ਕ ਉਸਨੂੰ ਵੱਖਰੇ ਅੰਦਾਜ਼ ਵਿੱਚ ਦੇਖਣਗੇ। ਉਹਨਾਂ ਮੁਤਾਬਕ ਪੰਜਾਬੀ ਫਿਲਮ ਲਾਵਾਂ ਫੇਰੇ ਤੋਂ ਬਾਅਦ ਉਹ ਇੱਕ ਵਾਰ ਫਿਰ ਅਜਿਹੇ ਪ੍ਰੇਮੀ ਜਾਂ ਲਾੜੇ ਦਾ ਕਿਰਦਾਰ ਨਿਭਾ ਰਹੇ ਹਨ ਜਿਸ ਦੇ ਵਿਆਹ ਚ ਅੜਚਣ ਬਿਗਾਨੇ ਨਹੀਂ ਬਲਕਿ ਉਸਦੇ ਆਪਣੇ ਬਣ ਰਹੇ ਹਨ। ਦਰਸ਼ਕ ਇਹ ਫਿਲਮ ਦੇਖਦਿਆਂ ਹੱਸ-ਹੱਸ ਢਿੱਡੀ ਪੀੜਾਂ ਪਾਉਣਗੇ। ਫ਼ਿਲਮ ਵਿੱਚਲਾ ਉਸਦਾ ਕਿਰਦਾਰ ਦਰਸ਼ਕਾਂ ਨੂੰ ਬੇਹੱਦ ਪਸੰਦ ਆਵੇਗਾ। ਇਹ ਫ਼ਿਲਮ ਵਿਦੇਸ਼ਾਂ ਵਿੱਚ ਪੰਜਾਬੀ ਪਰਿਵਾਰਾਂ ਅਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਦੀ ਗੱਲ ਵੀ ਕਰਦੀ ਹੈ। ਇਸ ਫ਼ਿਲਮ ਜ਼ਰੀਏ ਪਹਿਲੀ ਵਾਰ ਵੱਡੇ ਪਰਦੇ 'ਤੇ ਨਜ਼ਰ ਆਉਣ ਜਾ ਰਹੀ ਸਾਇਰਾ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਵਿੱਚ ਇੱਕ ਨਵਾਂ ਮੋੜ ਲੈ ਕੇ ਆਵੇਗੀ। ਇਸ ਫ਼ਿਲਮ ਜ਼ਰੀਏ ਉਸਨੇ ਨਾ ਸਿਰਫ ਅਦਾਕਾਰੀ ਦੀਆਂ ਬਰੀਕੀਆਂ ਸਿੱਖੀਆਂ ਹਨ ਬਲਕਿ ਪਰਦੇ ਦੇ ਪਿੱਛੇ ਰਹਿ ਕੇ ਵੀ ਸਿਨਮੇ ਬਾਰੇ ਬਹੁਤ ਕੁਝ ਸਿੱਖਿਆ ਹੈ। ਇਸ ਫ਼ਿਲਮ ਚ ਉਸਦੇ ਵਿਦੇਸ਼ ਵਿੱਚ ਰਹਿੰਦੀ ਇੱਕ ਅਜਿਹੀ ਕੁੜੀ ਦਾ ਕਿਰਦਾਰ ਨਿਭਾਇਆ ਹੈ ਜਿਸ ਨੂੰ ਪੰਜਾਬ ਤੋਂ ਲੰਡਨ ਆਏ ਇਕ ਨੌਜਵਾਨ ਨਾਲ ਪਿਆਰ ਹੋ ਜਾਂਦਾ ਹੈ। ਦੋਵੇਂ ਜਣੇ ਵਿਆਹ ਕਰਵਾਉਣਾ ਚਾਹੁੰਦੇ ਹਨ ਪਰ ਉਸਦੇ ਪਿਤਾ ਦੀਆਂ ਕਈ ਸ਼ਰਤਾਂ ਹਨ। ਉਹ ਚਾਹੁੰਦੇ ਹਨ ਕਿ ਉਸਦੀ ਧੀ ਕਿਸੇ ਪੜ੍ਹੇ-ਲਿਖੇ ਅਤੇ ਜਿੰਮੇਵਾਰ ਪਰਿਵਾਰ ਦੀ ਨੂੰਹ ਬਣੇ। ਉਹਨਾਂ ਦੋਵਾਂ ਦੇ ਪਿਆਰ ਦੀਆਂ ਉਲਝਣਾਂ ਹੀ ਫ਼ਿਲਮ ਦਾ ਦਿਲਚਸਪ ਹਿੱਸਾ ਹਨ। ਫ਼ਿਲਮ ਦੇ ਨਿਰਦੇਸ਼ਕ ਸਤਿੰਦਰ ਸਿੰਘ ਦੇਵ ਨੇ ਦੱਸਿਆ ਕਿ ਇਹ ਫ਼ਿਲਮ ਹਰ ਉਮਰ ਦੇ ਦਰਸ਼ਕ ਵਰਗ ਨੂੰ ਧਿਆਨ ਵਿੱਚ ਰੱਖਕੇ ਬਣਾਈ ਗਈ ਹੈ। ਇਹ ਫ਼ਿਲਮ ਮਨੋਰੰਜਨ ਪੱਖ ਤੋਂ ਕਿਸੇ ਵੀ ਦਰਸ਼ਕ ਨੂੰ ਨਿਰਾਸ਼ ਨਹੀਂ ਕਰੇਗੀ। ਫ਼ਿਲਮ ਵਿੱਚ ਇੱਕ ਖ਼ੂਬਸੂਰਤ ਸੁਨੇਹਾ ਵੀ ਹੈ ਕਿ ਜ਼ਿੰਦਗੀ ਵਿੱਚ ਰਿਸ਼ਤਿਆਂ ਤੋਂ ਬਿਨਾਂ ਕਿਸੇ ਵੀ ਇਨਸਾਨ ਦਾ ਗੁਜ਼ਾਰਾ ਨਹੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਝੂਠ ਦੀ ਬੁਨਿਆਦ ਤੇ ਰਿਸ਼ਤੇ ਕਦੇ ਵੀ ਨਹੀ ਟਿਕ ਸਕਦੇ। ਇਸ ਫ਼ਿਲਮ ਦੀ ਕਹਾਣੀ ਦੇ ਨਾਲ ਨਾਲ ਇਸ ਦਾ ਮਿਊਜ਼ਿਕ ਵੀ ਦਿਲਚਸਪ ਤੇ ਪ੍ਰਭਾਵਸ਼ਾਲ਼ੀ ਹੈ। ਇਹ ਫ਼ਿਲਮ ਪੰਜਾਬੀ ਦਰਸ਼ਕਾਂ ਦਾ ਅਥਾਹ ਪਿਆਰ ਹਾਸਲ ਕਰੇਗੀ। ਇਸ ਦੀ ਫ਼ਿਲਮ ਦੀ ਟੀਮ ਨੂੰ ਬੇਹੱਦ ਉਮੀਦ ਹੈ।

# ਗ਼ਦਰ ਲਹਿਰ ਤੇ ਕਰਤਾਰ ਸਿੰਘ ਸਰਾਭਾ ਬਾਰੇ ਫ਼ਿਲਮ ਲੈ ਕੇ ਆਇਆ ਨਿਰਦੇਸ਼ਕ ਕਵੀ ਰਾਜ







-ਲੇਖਕ ਨਿਰਦੇਸ਼ਕ ਕਵੀ ਰਾਜ ਨੂੰ ਇਤਿਹਾਸ ਦੀਆਂ ਉਨ੍ਹਾਂ ਸਖ਼ਸੀਅਤਾਂ ਵਿੱਚ ਵੱਧ ਦਿਲਚਸਪੀ ਹੈ ਜਿਨ੍ਹਾਂ ਬਾਰੇ ਲੋਕ ਬਹੁਤ ਘੱਟ ਜਾਣਦੇ ਹਨ। ਇਸਤੋਂ ਪਹਿਲਾਂ ਉਨ੍ਹਾਂ ਨੇ 'ਦ ਬਲੈਕ ਪ੍ਰਿੰਸ' ਨਾਂ ਦੀ ਅੰਗਰੇਜ਼ੀ ਅਤੇ ਪੰਜਾਬੀ ਡੱਬ ਭਾਸ਼ਾ ਦੀ ਫ਼ਿਲਮ ਬਣਾਈ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਪੁੱਤਰ ਦਲੀਪ ਸਿੰਘ ਦੀ ਜ਼ਿੰਦਗੀ ਬਾਰੇ ਸੀ। ਜਿਸਦਾ ਕਿਰਦਾਰ 'ਸਤਿੰਦਰ ਸਰਤਾਜ' ਨੇ ਬਾਖੂਬੀ ਨਿਭਾਇਆ ਸੀ ਤੇ ਹੁਣ ਗ਼ਦਰ ਲਹਿਰ ਦੇ ਅਣਛੂਹੇ ਪਹਿਲੂਆਂ ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਇੱਕ ਇਤਿਹਾਸਕ ਗਾਥਾ 'ਸਰਾਭਾ' ਲੈ ਕੇ ਆ ਰਿਹਾ ਹੈ। ਕਵੀ ਰਾਜ ਵੱਲੋਂ ਲਿਖੀ ਅਤੇ ਡਾਇਰੈਕਟ ਕੀਤੀ ਇਹ ਫ਼ਿਲਮ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਸੰਪੂਰਨ ਜ਼ਿੰਦਗੀ ਦੇ ਚਾਨਣਾ ਪਾਵੇਗੀ। 3 ਨਵੰਬਰ ਨੂੰ ਰਿਲੀਜ਼ ਹੋਣ ਜਾ ਰਹੀ ਇਹ ਫ਼ਿਲਮ 1912 ਦੇ ਬਿਟ੍ਰਿਸ਼ ਰਾਜ ਦੀਆਂ ਕੜ੍ਹੂੜਤਾਵਾਂ ਦੀ ਗੱਲ ਕਰੇਗੀ। 'ਸ਼ਹੀਦ ਕਰਤਾਰ ਸਿੰਘ ਸਰਾਭਾ' ਦਾ ਦੇਸ਼ ਦੀ ਆਜ਼ਾਦੀ ਵਿੱਚ ਬਹੁਤ ਵੱਡਾ ਯੋਗਦਾਨ ਹੈ। ਉਨ੍ਹਾਂ ਦੀ ਛੋਟੀ ਉਮਰ ਦੀਆਂ ਵੱਡੀਆਂ ਕੁਰਬਾਨੀਆਂ ਦੀ ਬਦੌਲਤ 'ਸ਼ਹੀਤ ਭਗਤ ਸਿੰਘ' ਉਨ੍ਹਾਂ ਤੋਂ ਪ੍ਰਭਾਵਿਤ ਹੋਏ। ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਹੀ ਦੇਸ਼ ਨੂੰ ਅੰਗਰੇਜ਼ਾਂ ਦੇ ਰਾਜ ਤੋਂ ਆਜ਼ਾਦ ਕਰਵਾਉਣ ਦੀ ਨੀਂਹ ਰੱਖੀ ਸੀ। ਨਿਰਦੇਸ਼ਕ ਕਵੀ ਰਾਜ ਨੇ ਦੱਸਿਆ ਕਿ ਉਹ ਖ਼ੁਦ ਗ਼ਦਰ ਲਹਿਰ ਨਾਲ ਲੰਮੇਂ ਸਮੇਂ ਤੋਂ ਜੁੜੇ ਹੋਏ ਹਨ ਅਤੇ ਗ਼ਦਰ ਲਹਿਰ ਦੇ ਸਰਗਰਮ ਕਾਮੇ ਕੇਸਰ ਸਿੰਘ ਢਿੱਲੋਂ, ਹਜ਼ਾਰਾ ਸਿੰਘ ਜੰਡਾ ਸਮੇਤ ਇਸ ਲਹਿਰ ਦੇ ਕਈ ਮੈਂਬਰਾਂ ਨੂੰ ਮਿਲ ਕੇ ਇਸ ਬਾਰੇ ਜਾਣਕਾਰੀ ਹਾਸਲ ਕਰਨ ਅਤੇ ਇਸ ਲਹਿਰ ਬਾਰੇ ਬਹੁਤ ਕੁਝ ਪੜ੍ਹਨ ਤੋਂ ਬਾਅਦ ਹੀ ਇਸ ਨੂੰ ਫ਼ਿਲਮ ਰਾਹੀਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਕਰਤਾਰ ਸਿੰਘ ਸਰਾਭਾ ਦਾ ਉਚੇਰੀ ਵਿੱਦਿਆ ਲਈ ਸਨਫਰਾਂਸ਼ਸਕੋ( ਅਮੇਰਿਕਾ) ਜਾਣਾ ਅਤੇ ਬਾਬਾ ਸੋਹਨ ਸਿੰਘ ਭਕਨਾ ਤੋਂ ਪ੍ਰਭਾਵਿਤ ਹੋ ਕੇ ਗ਼ਦਰ ਪਾਰਟੀ ਦਾ ਹਿੱਸਾ ਬਣਨਾ ਜਿਸਨੇ ਆਜ਼ਾਦੀ ਦੀ ਲਹਿਰ ਦੀ ਸ਼ੁਰੂਆਤ ਕੀਤੀ ਸੀ। ਦੇਸ਼ ਨੂੰ ਅੰਗਰੇਜਾਂ ਦੀ ਜਕੜੀ ਗੁਲਾਮੀ ਤੋਂ ਛੁਡਾਉਣ ਦੀ ਯਾਤਰਾ ਦਾ ਬਿਉਰਾ ਪੇਸ਼ ਕਰਦੀ ਇਸ ਫ਼ਿਲਮ ਦਾ ਮੁੱਖ ਹਿੱਸਾ ਅਮਰੀਕਾ, ਕਨੇਡਾ, ਯੂ ਕੇ, ਫਿਲਿਪਿੰਸ ਅਤੇ ਭਾਰਤ ਵਿੱਚ ਫ਼ਿਲਮਾਇਆ ਗਿਆ ਹੈ। ਫ਼ਿਲਮ ਦੇ ਟ੍ਰੇਲਰ ਨੂੰ ਹਰ ਪਾਸੇ ਪਸੰਦ ਕੀਤਾ ਜਾ ਰਿਹਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਫ਼ਿਲਮ ਨੌਜਵਾਨ ਪੀੜੀ ਨੂੰ ਜ਼ਰੂਰ ਦੇਖਣੀ ਚਾਹੀਦੀ ਹੈ ਤਾਂ ਜੋ ਉਹ ਕਰਤਾਰ ਸਿੰਘ ਸਰਾਭਾ ਦੀ ਜ਼ਿੰਦਗੀ ਤੋਂ ਕੋਈ ਸੇਧ ਲੈ ਸਕਣ ਅਤੇ ਜਾਣ ਸਕਣ ਕਿ ਦੇਸ਼ ਨੂੰ ਆਜਾਦ ਕਰਵਾਉਣ ਲਈ ਕਿਸ ਤਰ੍ਹਾਂ ਦੀ ਘਾਲਣਾ ਘਾਲਣੀ ਪਈ। ਇਸ ਫ਼ਿਲਮ ਦੀ ਸਟਾਰ ਕਾਸਟ ਦੀ ਗੱਲ ਕਰੀਏ ਤਾਂ ਇਸ ਵਿੱਚ ਫ਼ਿਲਮ ਦਾ ਮੁੱਖ ਕਿਰਦਾਰ ਜਪਤੇਜ ਸਿੰਘ ਨੇ ਨਿਭਾਇਆ ਹੈ। ਇਸਤੋਂ ਇਲਾਵਾ 'ਹਰਨਾਮ ਸਿੰਘ ਟੁੰਡੀਲਾਟ' ਦੇ ਕਿਰਦਾਰ ਵਿੱਚ ਮੁਕਲ ਦੇਵ ਅਤੇ 'ਸੋਹਨ ਸਿੰਘ ਭਕਨਾ' ਨੇ ਕਿਰਦਾਰ ਵਿੱਚ ਖੁਦ ਕਵੀ ਰਾਜ ਨਜ਼ਰ ਆਉਣਗੇ। ਮਲਕੀਤ ਰੌਣੀ, ਮਹਾਂਵੀਰ ਭੁੱਲਰ, ਜਸਪਿੰਦਰ ਚੀਮਾ, ਕਨਵਰ ਗਰੇਵਾਲ, ਜਸਬੀਰ ਜੱਸੀ, ਮਲਕੀਤ ਮੀਤ, ਜੋਬਨਪ੍ਰੀਤ ਸਿੰਘ ਅਤੇ ਅੰਗਰੇਜ਼ ਕਲਾਕਾਰ ਡੈਰਨ ਟੈਸਲ ਅਤੇ ਐਲੇਮ ਗੀਸ ਨੇ ਇਸ ਫ਼ਿਲਮ ਵਿੱਚ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਵਿੱਚ ਕਰਤਾਰ ਸਿੰਘ ਸਰਾਭਾ ਦੀ ਭੂਮਿਕਾ ਨਿਭਾ ਰਹੇ ਜਪਤੇਜ ਸਿੰਘ ਨੇ ਦੱਸਿਆ ਕਿ ਬਤੌਰ ਨਾਇਕ ਇਹ ਉਸਦੀ ਪਹਿਲੀ ਫ਼ਿਲਮ ਹੈ ਜਦਕਿ ਬਾਲ ਕਲਾਕਾਰ ਵਜੋਂ ਉਹ ਬਾਲੀਵੁੱਡ ਫ਼ਿਲਮ ਭਾਗ ਮਿਲਖਾ ਭਾਗ ਅਤੇ ਮਿੱਟੀ ਨਾ ਫਰੋਲ ਜੋਗੀਆ ਸਮੇਤ ਅੱਧੀ ਦਰਜਨ ਦੇ ਨੇੜੇ ਫ਼ਿਲਮਾਂ ਵਿੱਚ ਆਪਣੀ ਅਦਾਕਾਰੀ ਦੀ ਛਾਪ ਛੱਡ ਚੁੱਕੇ ਹਨ। ਇਸ ਫ਼ਿਲਮ ਲਈ ਉਹਨਾਂ ਬੇਹੱਦ ਤਿਆਰੀ ਅਤੇ ਮਿਹਨਤ ਕੀਤੀ ਹੈ। ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਉਸਨੇ ਕਰਤਾਰ ਸਿੰਘ ਸਰਾਭਾ ਦੀ ਜ਼ਿੰਦਗੀ ਦਾ ਨਿੱਜੀ ਤੌਰ 'ਤੇ ਵੀ ਪ੍ਰਭਾਵ ਕਬੂਲਿਆ ਹੈ। ਇਤਿਹਾਸਕ ਫ਼ਿਲਮ ਹੋਣ ਕਾਰਨ ਇਸ ਦੇ ਸੰਗੀਤ ਵੱਲ ਵੀ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਫ਼ਿਲਮ ਦਾ ਸੰਗੀਤ ਉਂਕਾਰ ਮਿਨਹਾਸ, ਸਾਜਿਦ ਸਲੀਮ ਤੇ ਦਿਆ ਸਿੰਘ ਨੇ ਤਿਆਰ ਕੀਤਾ ਹੈ। ਕਵੀ ਰਾਜ ਸਮੇਤ ਇਸ ਫ਼ਿਲਮ ਦੇ ਨਿਰਮਾਣ ਵਿੱਚ 8 ਨਿਰਮਾਤਾਵਾਂ ਨੇ ਆਪਣਾ ਯੋਗਦਾਨ ਪਾਇਆ ਹੈ। 3 ਨਵੰਬਰ ਨੂੰ ਰਿਲੀਜ਼ ਹੋ ਰਹੀ ਇਹ ਫ਼ਿਲਮ ਗਦਰ ਲਹਿਰ ਦੀ ਤਾਕਤ ਦਾ ਅੰਗਰੇਜ਼ਾਂ ਤੇ ਭਾਰੂ ਪੈਣਾ ਅਤੇ ਇਸ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਅਹਿਮ ਸੰਘਰਸ਼ਾਂ ਦੀ ਦਾਸਤਾਨ ਪੇਸ਼ ਕਰੇਗੀ।

ਸੁਰਜੀਤ ਜੱਸਲ
9814607737













$300*

+

ਬੱਚਤ ਦੇ

ਆਸਾਨ ਤਰੀਕੇ।

ਜਦੋਂ ਤੁਸੀਂ ATB ਨੂੰ ਅਜ਼ਮਾਉਂਦੇ ਹੋ
ਤਾਂ ਬੈਂਕ ਖਾਤਾ ਤਾਂ ਸਿਰਫ ਇੱਕ ਸ਼ੁਰੂਆਤ ਹੈ।

ATB POWERING POSSIBILITY™

Learn more at atb.com/TryATB

*ਨਿਯਮ ਅਤੇ ਸ਼ਰਤਾਂ ਲਾਗੂ

SOUTH POINT
A MASTER PLANNED COMMUNITY




70 ਏਕੜ ਰਿਹਾਇਸੀ ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ


MODERN SINGLE FAMILY HOMES


BACK TO BACK TOWNHOMES


DUPLEX HOMES


SINGLE FAMILY LANE HOMES


URBAN TOWNHOMES


ROWHOMES

403.980.1979 | VESTASOUTHPOINT.COM

VESTA PROPERTIES
Sales Centre & Showhomes
600 South Point Heath SW, Airdrie, AB

Renderings are an artist's conception and are intended as a general reference only.

# ਖ਼ਤਰਨਾਕ ਗੈਂਗਸਟਰਾਂ ਦੀ ਨਵੀਂ ਖੇਡ ਬਣੀ ਵੱਡੀ ਚਿੰਤਾ

ਮਿਲਟਨ (ਪੰਜਾਬੀ ਅਖਬਾਰ ਬਿਊਰੋ)– ਜੇਲ੍ਹਾਂ 'ਚ ਬੰਦ ਅਤੇ ਬਾਹਰ ਬੈਠੇ ਨਾਮੀਂ ਗੈਂਗਸਟਰਾਂ ਦੀ ਬੁੱਕੀਆਂ ਨਾਲ ਵੱਧ ਰਹੀ ਨੇੜਤਾ ਆਉਣ ਵਾਲੇ ਦਿਨਾਂ 'ਚ ਪੰਜਾਬ ਲਈ ਖ਼ਤਰਾ ਬਣ ਸਕਦੀ ਹੈ। ਗੈਂਗਸਟਰਾਂ ਨੇ ਬੁੱਕੀਆਂ ਦੇ ਨਾਲ ਮਿਲ ਕੇ ਆਪਣੀ ਆਮਦਨ ਦੇ ਸਰੋਤ ਵਧਾ ਲਏ ਹਨ। ਇਲਾਕੇ 'ਚ ਬੁੱਕ ਲਵਾਉਣ, ਬੁੱਕ 'ਚ ਆਪਣੇ ਸ਼ੇਅਰ ਪਾਉਣ ਅਤੇ ਹਾਰਨ ਵਾਲੇ ਜੁਆਰੀਆਂ ਤੋਂ ਬੁੱਕੀਆਂ ਦੇ ਪੈਸੇ ਕੱਢਵਾਉਣ ਦੇ ਕੰਮ ਕਰ ਕੇ ਲੱਖਾਂ ਰੁਪਏ ਕਮਾਏ ਜਾ ਰਹੇ ਹਨ। ਬੁੱਕੀਆਂ ਤੋਂ ਹੋਣ ਵਾਲੀ ਕਮਾਈ ਨਾਲ ਗੈਂਗਸਟਰ ਆਪਣੇ ਗੈਂਗ ਨੂੰ ਮਜ਼ਬੂਤ ਕਰ ਰਹੇ ਹਨ ਅਤੇ ਇਨ੍ਹਾਂ ਹੀ ਰੁਪਿਆਂ ਨਾਲ ਆਪਣੇ ਗੈਂਗ ਲਈ ਹਥਿਆਰ ਵੀ ਖ਼ਰੀਦ ਰਹੇ ਹਨ।

ਦੀਵਾਲੀ ਦਾ ਤਿਓਹਾਰ ਨੇੜੇ ਆ ਰਿਹਾ ਹੈ ਅਤੇ ਜੂਆ ਖੇਡਣ ਦੇ ਸ਼ੌਕੀਨਾਂ ਦੀ ਗਿਣਤੀ ਵੀ ਦਿਨੋਂ-ਦਿਨ ਵੱਧਦੀ ਜਾ ਰਹੀ ਹੈ। ਜੁਆਰੀਆਂ ਨੂੰ ਜੂਆ ਖਿਡਵਾਉਣ ਲਈ ਬੁੱਕੀ ਵੀ ਪੂਰੀ ਤਰ੍ਹਾਂ ਸਰਗਰਮ ਹੋ ਚੁੱਕੇ ਹਨ। ਇਹ ਚਿੰਤਾ ਦਾ ਵਿਸ਼ਾ ਇਸ ਲਈ ਬਣ ਗਿਆ ਹੈ ਕਿਉਂਕਿ ਹੁਣ ਪੰਜਾਬ ਦੇ ਨਾਮੀ ਗੈਂਗਸਟਰ ਵੀ ਇਸ ਖੇਡ 'ਚ ਸ਼ਾਮਿਲ ਹੋ ਕੇ ਲੱਖਾਂ-ਕਰੋੜਾਂ ਰੁਪਏ ਕਮਾ ਰਹੇ ਹਨ ਜੋ ਸੂਬੇ ਲਈ ਖ਼ਤਰੇ ਦੀ ਗੱਲ ਹੈ। ਇਨ੍ਹਾਂ ਗੈਂਗਸਟਰਾਂ ਨੇ ਬੁੱਕੀਆਂ ਨਾਲ ਪੂਰੀ ਤਰ੍ਹਾਂ ਨੇੜਤਾ ਵਧਾ ਲਈ ਹੈ। ਪੰਜਾਬ ਦੇ ਕਿਸ ਸ਼ਹਿਰ 'ਚ ਕਿਹੜੇ ਬੁੱਕੀ ਦੀ ਬੁੱਕ ਲੱਗੇਗੀ, ਇਹ ਹੁਣ ਗੈਂਗਸਟਰ ਤੈਅ ਕਰਦੇ ਹਨ। ਜਿਹੜਾ ਬੁੱਕੀ ਗੈਂਗਸਟਰਾਂ ਦੀ ਮਰਜ਼ੀ ਤੋਂ ਬਿਨਾਂ ਬੁੱਕ ਲਾਉਂਦਾ ਹੈ, ਉਸ ਨੂੰ ਅਗਲੇ ਦਿਨ ਧਮਕੀ ਭਰਿਆ ਫ਼ੋਨ ਆ ਜਾਂਦਾ ਹੈ।



### ਲੁਧਿਆਣਾ ਮਹਾਨਾਗਰ 'ਚ ਹੀ

ਜੇਲ੍ਹ ਤੋਂ ਬਾਹਰ ਬੈਠੇ ਵੱਡੇ ਗੈਂਗਸਟਰ ਰੋਜ਼ਾਨਾ ਵੱਖ-ਵੱਖ ਇਲਾਕਿਆਂ 'ਚ ਬੁੱਕ ਦੇ ਮਾਧਿਅਮ ਰਾਹੀਂ ਕਰੋੜਾਂ ਰੁਪਿਆਂ ਦਾ ਜੂਆ ਖਿਡਵਾ ਰਹੇ ਹਨ, ਜਿੱਥੇ ਲੁਧਿਆਣਾ ਦੇ ਜੁਆਰੀਆਂ ਤੋਂ ਇਲਾਵਾ ਜਲੰਧਰ, ਅੰਮ੍ਰਿਤਸਰ, ਦਿੱਲੀ, ਮੋਹਾਲੀ ਤੇ ਪਟਿਆਲਾ ਤੋਂ ਜੁਆਰੀ ਜੂਆ ਖੇਡਣ ਆਉਂਦੇ ਹਨ।

### ਗੈਂਗਸਟਰਾਂ ਦੀ ਮੁਖ਼ਬਰੀ ਨਾਲ ਚੱਲ ਰਿਹਾ ਹੈ ਇਹ ਗੋਰਖਧੰਦਾ

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਜੇਲ੍ਹਾਂ ਤੋਂ ਬਾਹਰ ਬੈਠੇ ਗੈਂਗਸਟਰ ਪੁਲੀਸ ਅਧਿਕਾਰੀਆਂ ਨੂੰ ਦੂਜੇ ਗੈਂਗ ਦੇ ਲੋਕਾਂ ਦੀ ਮੁਖ਼ਬਰੀ ਕਰ ਕੇ ਉਨ੍ਹਾਂ ਨੂੰ ਕੰਮ ਦੇ ਰਹੇ ਹਨ ਜਿਸ ਨਾਲ ਇਨ੍ਹਾਂ ਦੀ ਅਧਿਕਾਰੀ ਨਾਲ ਨੇੜਤਾ ਵੱਧ ਜਾਂਦੀ ਹੈ। ਅਧਿਕਾਰੀਆਂ ਨੂੰ ਕੰਮ ਦੇਣ ਬਦਲੇ ਇਹ ਉਨ੍ਹਾਂ ਦੇ ਇਲਾਕੇ 'ਚ ਜੂਏ ਦੀ ਗੇਮ ਕਰਵਾਉਣੀ ਸ਼ੁਰੂ ਕਰਵਾ ਦਿੰਦੇ ਹਨ। ਇਸ ਨਾਲ ਇਹ ਮੋਟਾ ਰੁਪਿਆ ਕਮਾ ਰਹੇ ਹਨ ਅਤੇ ਉਸ 'ਚੋਂ ਕੁਝ ਹਿੱਸਾ ਪੁਲੀਸ ਕੋਲ ਵੀ ਪਹੁੰਚਾ ਦਿੰਦੇ ਹਨ ਜਿਸ ਕਾਰਨ ਬੁੱਕੀ ਤੇ ਜੁਆਰੀ ਉਸ ਇਲਾਕੇ 'ਚ ਪੂਰੀ ਤਰ੍ਹਾਂ ਮਹਿਫ਼ੂਜ਼ ਹੋ ਜਾਂਦੇ ਹਨ।

### ਗੈਂਗਸਟਰਾਂ ਨੂੰ ਇੰਝ ਹੋ ਰਹੀ ਹੈ ਕਰੋੜਾਂ ਦੀ ਆਮਦਨ

ਗੈਂਗਸਟਰ ਬੁੱਕੀਆਂ ਨਾਲ ਨੇੜਤਾ ਵਧਾ ਕੇ ਬਦਲੇ 'ਚ ਉਨ੍ਹਾਂ ਨੂੰ ਮਹਿਫ਼ੂਜ਼ ਰੱਖਣ ਲਈ ਇਲਾਕੇ 'ਚ ਬੁੱਕ ਲਾਉਣ ਲਈ ਘਰ ਲੈ ਕੇ ਦਿੰਦੇ ਹਨ ਜਿਸ ਦੇ ਬੁੱਕੀ ਨੂੰ ਰੋਜ਼ਾਨਾ ਦੇ ਹਿਸਾਬ ਨਾਲ ਗੈਂਗਸਟਰ ਨੂੰ ਪੈਸੇ ਦੇਣੇ ਪੈਂਦੇ ਹਨ। ਦੂਜਾ, ਇਹ ਗੈਂਗਸਟਰ ਬੁੱਕੀਆਂ ਦੀ ਲੱਗਣ ਵਾਲੀ ਰੋਜ਼ਾਨਾ ਦੀ ਬੁੱਕ 'ਚ 25 ਪੈਸੇ ਆਪਣਾ ਸ਼ੇਅਰ ਪਾ ਲੈਂਦੇ ਹਨ। ਰੋਜ਼ਾਨਾ ਇੱਕ ਬੁੱਕ 'ਤੇ 25 ਲੱਖ ਤੋਂ ਲੈ ਕੇ 40 ਲੱਖ ਰੁਪਏ ਦੀ ਹਾਰ-ਜਿੱਤ ਹੁੰਦੀ ਹੈ। ਤੀਜਾ, ਗੈਂਗਸਟਰਾਂ ਨੂੰ ਉਸ ਵੇਲੇ ਸਭ ਤੋਂ ਵੱਧ ਮੁਨਾਫ਼ਾ ਹੁੰਦਾ ਹੈ। ਜਦੋਂ ਜੁਆਰੀ ਬੁੱਕ 'ਤੇ ਸਭ ਕੁਝ ਹਾਰ ਜਾਂਦਾ ਹੈ ਅਤੇ ਉਹ ਉਧਾਰ 'ਚ ਜੂਆ ਖੇਡਣ ਦੀ ਫ਼ਰਮਾਇਸ਼ ਕਰਦਾ ਹੈ। ਜਦੋਂ ਜੁਆਰੀ ਦੇ ਸਿਰ 'ਤੇ ਉਧਾਰ ਦੇ ਵੀ ਲੱਖਾਂ ਰੁਪਏ ਹੋ ਜਾਂਦੇ ਹਨ ਅਤੇ ਉਹ ਦੇਣ ਦੇ ਲਾਇਕ ਨਹੀਂ ਰਹਿੰਦਾ ਤਾਂ ਬੁੱਕੀ ਗੈਂਗਸਟਰਾਂ ਦੀ ਮਦਦ ਨਾਲ ਹਾਰੇ ਹੋਏ ਜੁਆਰੀ ਤੋਂ ਆਪਣੇ ਰੁਪਏ ਕਢਵਾਉਂਦੇ ਹਨ ਜਿਨ੍ਹਾਂ ਵਿੱਚੋਂ 40 ਫ਼ੀਸਦੀ ਹਿੱਸਾ ਗੈਂਗਸਟਰ ਲੈ ਜਾਂਦੇ ਹਨ।

### ਬੁੱਕੀਆਂ ਨੇ ਮਹਾਂਨਗਰ ਦੇ ਚੰਗੇ ਹੋਟਲ ਇੱਕ ਮਹੀਨੇ ਲਈ ਐਡਵਾਂਸ 'ਚ ਕਰਵਾਏ ਬੁੱਕ

ਲੁਧਿਆਣਾ ਦੇ ਬੁੱਕੀਆਂ ਨੇ ਇੱਕ ਮਹੀਨੇ ਦਾ ਐਡਵਾਂਸ ਦੇ ਕੇ ਮਸ਼ਹੂਰ ਹੋਟਲਾਂ ਦੇ ਸਵੀਟਸ ਰੂਮ ਬੁੱਕ ਕਰਵਾਏ ਹੋਏ ਹਨ। ਇਨ੍ਹਾਂ ਹੋਟਲਾਂ ਦੇ ਕਮਰੇ ਦਾ ਇੱਕ ਦਿਨ ਦਾ ਕਿਰਾਇਆ ਆਮ ਵਿਅਕਤੀ ਦੀ ਇੱਕ ਮਹੀਨੇ ਦੀ ਤਨਖ਼ਾਹ ਨਾਲੋਂ ਵੀ ਵੱਧ ਹੈ। ਦੂਜੇ ਸ਼ਹਿਰਾਂ ਤੋਂ ਜਿਹੜੇ ਜੁਆਰੀ ਜੂਆ ਖੇਡਣ ਆਉਂਦੇ ਹਨ, ਉਨ੍ਹਾਂ ਨੂੰ ਰਾਤ ਰੁਕਣ ਲਈ ਇਹ ਕਮਰੇ ਮੁਫ਼ਤ 'ਚ ਦਿੱਤੇ ਜਾਂਦੇ ਹਨ। ਜੇ ਕੋਈ ਜੁਆਰੀ ਲੜਕੀ ਦੀ ਫ਼ਰਮਾਇਸ਼ ਕਰਦਾ ਹੈ ਤਾਂ ਬੁੱਕੀ ਉਸ ਨੂੰ ਵੀ ਮੁਹੱਈਆ ਕਰਵਾਉਂਦੇ ਹਨ।

### ਮਹੀਨੇ 'ਚ ਇੱਕ ਵਾਰ ਇੱਕ ਬੁੱਕੀ ਨੂੰ ਇੰਝ ਵੀ ਲੁੱਟਦੇ ਹਨ ਇਹ ਗੈਂਗਸਟਰ

ਗੈਂਗਸਟਰ ਨਾ ਸਿਰਫ਼ ਬੁੱਕੀਆਂ ਨੂੰ ਜੂਆ ਖੇਡਣ ਲਈ ਜਗ੍ਹਾ ਲੈ ਕੇ ਦਿੰਦੇ ਹਨ ਸਗੋਂ ਮਹੀਨੇ 'ਚ ਇੱਕ ਵਾਰ ਇਹ ਗੈਂਗਸਟਰ ਖ਼ੁਦ ਹੀ ਉਸ ਬੁੱਕ 'ਤੇ ਬੈਠ ਕੇ 25 ਤੋਂ 30 ਲੱਖ ਰੁਪਏ ਦੇ ਮੋਟੇ ਦਾਅ ਲਾਉਂਦੇ ਹਨ। ਉਨ੍ਹਾਂ ਦੇ ਖ਼ੌਫ਼ ਕਾਰਨ ਬੁੱਕੀ ਨੂੰ ਉਨ੍ਹਾਂ ਦਾ ਦਾਅ ਲਵਾਉਣਾ ਪੈਂਦਾ ਹੈ। ਜੇ ਗੈਂਗਸਟਰ ਨੂੰ ਦਾਅ ਆ ਗਿਆ ਅਤੇ ਉਹ ਜਿੱਤ ਗਿਆ ਤਾਂ ਉਹ ਰੁਪਏ ਲੈ ਕੇ ਚਲਾ ਜਾਂਦਾ ਹੈ। ਜੇ ਗੈਂਗਸਟਰ ਹਾਰ ਗਿਆ ਤਾਂ ਬੁੱਕੀ ਨੂੰ ਇਹ ਕਹਿ ਕੇ ਰੁਪਏ ਦੇਣ ਤੋਂ ਮਨ੍ਹਾਂ ਕਰ ਦਿੰਦਾ ਹੈ ਕਿ ਉਸ ਨੇ ਉਸ ਦੇ ਨਾਲ ਦਾਅ ਲਾਉਣ ਵੇਲੇ ਹੇਰਾਫ਼ੇਰੀ ਕੀਤੀ ਹੈ, ਇਸ ਲਈ ਹੁਣ ਉਹ ਪੈਸੇ ਨਹੀਂ ਦੇਵੇਗਾ।

### ਦੂਜੇ ਵੱਡੇ ਗੈਂਗ ਦੇ ਨਿਸ਼ਾਨੇ 'ਤੇ ਵੀ ਹਨ ਇਹ ਬੁੱਕੀ

ਜਿਹੜੇ ਗੈਂਗਸਟਰ ਬੁੱਕੀਆਂ ਨਾਲ ਦੋਸਤੀ ਕਰ ਕੇ ਅਮੀਰ ਬਣ ਕੇ ਐਸ਼ੋ-ਆਰਾਮ ਭਰਿਆ ਜੀਵਨ ਬਿਤਾ ਰਹੇ ਹਨ, ਉਨ੍ਹਾਂ ਦੀ ਨੇੜਤਾ ਹੁਣ ਬੁੱਕੀਆਂ ਲਈ ਆਫ਼ਤ ਵੀ ਬਣ ਰਹੀ ਹੈ। ਜੇਲ੍ਹਾਂ 'ਚ ਬੰਦ ਗੈਂਗਸਟਰ ਉਨ੍ਹਾਂ ਬੁੱਕੀਆਂ ਦਾ ਬਾਹਰ ਬੈਠੇ ਆਪਣੇ ਗੁਰਗਿਆਂ ਰਾਹੀਂ ਪਤਾ ਲਵਾ ਰਹੇ ਹਨ ਜੋ ਗੈਂਗਸਟਰਾਂ ਨੂੰ ਮੋਟੀ ਕਮਾਈ ਕਰਵਾ ਕੇ ਦੇ ਰਹੇ ਹਨ। ਜੇਲ੍ਹ 'ਚ ਬੈਠੇ ਗੈਂਗਸਟਰ ਇਨ੍ਹਾਂ ਬੁੱਕੀਆਂ ਨੂੰ ਫ਼ੋਨ ਕਰ ਕੇ ਲੱਖਾਂ ਰੁਪਏ ਫ਼ਿਰੌਤੀ ਦੇ ਮੰਗ ਰਹੇ ਹਨ ਅਤੇ ਨਾ ਦੇਣ ਦੀ ਹਾਲਤ 'ਚ ਅੰਜਾਮ ਭੁਗਤਣ ਦੀਆਂ ਧਮਕੀਆਂ ਦੇ ਰਹੇ ਹਨ। ਜੂਏ ਦਾ ਗ਼ੈਰ-ਕਾਨੂੰਨੀ ਧੰਦਾ ਹੋਣ ਕਾਰਨ ਬੁੱਕੀਆਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਆਪਣੀ ਜਾਨ ਬਚਾਉਣ ਲਈ ਕਿੱਥੇ ਜਾਣ। ਜੇ ਉਹ ਪੁਲੀਸ ਕੋਲ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਪੋਲ ਖੁੱਲ੍ਹਣ ਦਾ ਡਰ ਹੈ। ਮਜਬੂਰੀ 'ਚ ਉਨ੍ਹਾਂ ਨੂੰ ਗੈਂਗਸਟਰਾਂ ਦੀ ਹੀ ਸ਼ਰਨ 'ਚ ਜਾਣਾ ਪੈ ਰਿਹਾ ਹੈ।

## ਇੰਗਲੈਂਡ ਦੇ ਤਿੰਨ ਇੰਡੀਅਨ ਅਗਵਾਕਾਰਾਂ ਨੂੰ 10-10 ਸਾਲ ਦੀ ਜੇਲ ਹੋ ਗਈ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬਰਤਾਨੀਆ ਦੇ ਲੈਸਟਰ ਸ਼ਹਿਰ ਵਿੱਚ ਬੀਤੇ ਸਾਲ ਔਰਤ ਨੂੰ ਆਪਣੀ ਕਾਰ ਵਿੱਚ ਚੜ੍ਹਨ ਲਈ ਮਜਬੂਰ ਕਰਨ ਵਾਲੇ ਭਾਰਤੀ ਮੂਲ ਦੇ ਤਿੰਨ ਵਿਅਕਤੀਆਂ ਨੂੰ 10-10 ਸਾਲ ਦੀ ਜੇਲ੍ਹ ਹੋਈ ਹੈ। ਅਜੈ ਡੋਪਲਾਪੁਡੀ (27), ਵਹਾਰ ਮੰਚਲਾ (24) ਅਤੇ ਰਾਣਾ ਯੇਲੰਬਾਈ (30), ਨੂੰ ਲੈਸਟਰ ਕਰਾਊਨ ਕੋਰਟ ਨੇ ਸਜ਼ਾ ਸੁਣਾਈ ਹੈ। ਇਨ੍ਹਾਂ ਨੂੰ ਔਰਤ ਨੂੰ ਅਗਵਾ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਤਿੰਨਾਂ ਨੇ ਪਿਛਲੇ ਸਾਲ 16 ਜਨਵਰੀ ਵਾਲੇ ਦਿਨ ਪੀੜਤ ਨੂੰ ਆਪਣੀ ਗੱਡੀ ਵਿੱਚ ਚੜ੍ਹਾ ਲਿਆ ਤੇ ਔਰਤ ਨੇ ਸਮਝਿਆ ਕਿ ਇਹ ਟੈਕਸੀ ਹੈ ਪਰ ਜਦੋਂ ਕਾਰ ਦੱਸੇ ਟਿਕਾਣੇ ਦੀ ਥਾਂ ?ਪਰੇ ਇਲਾਕੇ ਵੱਲ ਜਾਣ ਲੱਗੀ ਤਾਂ ਉਸ ਨੂੰ ਕੁੱਝ ਗੜਬੜ ਹੋਣ ਦਾ ਅਹਿਸਾਸ ਹੋਇਆ। ਇਸ ਤੋਂ ਬਾਅਦ ਉਸ ਨੂੰ 15 ਮੀਲ ਦੀ ਦੂਰ ਇਕਾਂਤ ਥਾਂ ਲਿਜਾਇਆ ਗਿਆ ਤੇ ਕਾਰ ਵਿੱਚੋਂ ਧੂਹ ਲਿਆ। ਕੁੱਝ ਦੇਰ ਬਾਅਦ ਪੀੜਤਾ ਭੱਜਣ ਵਿੱਚ ਕਾਮਯਾਬ ਹੋ ਗਈ। ਪੁਲੀਸ ਨੇ ਬਾਅਦ 'ਚ ਜਾਂਚ ਦੌਰਾਨ ਮੁਲਜ਼ਮਾਂ ਦੀ ਪਛਾਣ ਕੀਤੀ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।

# ਪਰਵਾਸ ਨੇ ਪੰਜਾਬ ਦੀ ਘਟਾਈ ਆਬਾਦੀ ਵਿਕਾਸ ਦਰ

ਰੀਜਾਇਨਾ(ਪੰਜਾਬੀ ਅਖਬਾਰ ਬਿਊਰੋ)– ਪੰਜਾਬ 'ਤੇ ਇਸ ਵਕਤ ਇੱਕ ਵੱਡਾ ਖ਼ਤਰਾ ਮੰਡਰਾ ਰਿਹਾ ਹੈ। ਦਰਅਸਲ ਪੰਜਾਬ 'ਚ ਆਬਾਦੀ ਵਿਕਾਸ ਦਰ ਪਿਛਲੇ ਇੱਕ ਦਹਾਕੇ ਤੋਂ ਲਗਾਤਾਰ ਘੱਟ ਰਹੀ ਹੈ ਹਾਲਾਂਕਿ ਸਾਲ 2021 'ਚ ਹੋਣ ਵਾਲੀ ਜਨਗਣਨਾ ਕੋਵਿਡ ਕਾਰਨ ਨਹੀਂ ਸੀ ਹੋ ਸਕੀ, ਪਰ (CRS) ਸਿਵਲ ਰੈਜਿਸਟ੍ਰੇਸ਼ਨ ਸਿਸਟਮ ਮੁਤਾਬਿਕ ਪੰਜਾਬ 'ਚ ਸਾਲ 2011 ਦੇ ਮੁਕਾਬਲੇ 2021 'ਚ ਜਨਸੰਖਿਆ ਵਾਧੇ 'ਚ 50 ਫ਼ੀਸਦੀ ਗਿਰਾਵਟ ਦਰਜ ਕੀਤੀ ਗਈ ਹੈ।ਸਾਲ 2011 'ਚ ਪੰਜਾਬ ਦੀ ਜਨਸੰਖਿਆ 'ਚ ਤਿੰਨ ਲੱਖ ਤੋਂ ਵੀ ਵੱਧ ਦਾ ਵਾਧਾ ਦਰਜ ਕੀਤਾ ਗਿਆ ਸੀ ਜੋ 2020 'ਚ ਘੱਟ ਕੇ 1.5 ਲੱਖ ਤਕ ਰਹਿ ਗਿਆ ਹੈ। ਇਸ ਅੰਕੜੇ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਆਬਾਦੀ 1.65 ਫ਼ੀਸਦੀ ਦੀ ਦਰ ਨਾਲ ਵਧੀ ਹੈ ਜਦ ਕਿ ਦੇਸ਼ 'ਚ ਇਹ ਅੰਕੜਾ 2.98 ਫ਼ੀਸਦੀ ਰਿਹਾ ਹੈ। 2011 ਦੀ ਜਨਗਣਨਾ ਮੁਤਾਬਿਕ ਪੰਜਾਬ ਦੀ ਆਬਾਦੀ ਦੇਸ਼ ਦੀ ਆਬਾਦੀ ਦਾ 2.37 ਫ਼ੀਸਦੀ ਸੀ ਜੋ ਹੁਣ 2.29 ਫ਼ੀਸਦੀ ਰਹਿ ਗਿਆ ਹੈ। ਸਾਲ 2011 ਦੀ ਜਨਗਣਨਾ ਮੁਤਾਬਿਕ ਸੂਬੇ 'ਚ ਪੰਜ ਲੱਖ ਤੋਂ ਵੀ ਵੱਧ ਬੱਚਿਆਂ ਨੇ ਜਨਮ ਲਿਆ ਸੀ, ਇਹ ਅੰਕੜਾ ਵੀ ਘਟ ਕੇ 2020 'ਚ ਚਾਰ ਲੱਖ ਤੋਂ ਹੇਠਾਂ ਆ ਗਿਆ। ਜੇਕਰ ਗੱਲ ਮੌਤਾਂ ਦੀ ਗਿਣਤੀ ਦੀ ਕਰੀਏ ਤਾਂ 2011 'ਚ ਸੂਬੇ 'ਚ ਦੋ ਲੱਖ ਤੋਂ ਘੱਟ ਮੌਤਾਂ ਹੋਈਆਂ ਜਦਕਿ 2020 'ਚ ਇਹ ਅੰਕੜਾ ਦੋ ਲੱਖ 30 ਹਜ਼ਾਰ ਤਕ ਪਹੁੰਚ ਗਿਆ। ਇਸ ਦੇ ਉਲਟ ਗੁਆਂਢੀ ਸੂਬਾ ਹਰਿਆਣਾ 'ਚ ਸਾਲ 2020 'ਚ ਛੇ ਲੱਖ ਦੇ ਕਰੀਬ ਬੱਚੇ ਪੈਦਾ ਹੋਏ ਜਦ ਕਿ ਦੋ ਲੱਖ ਤੋਂ ਵੱਧ ਮੌਤਾਂ ਹੋਈਆਂ।ਇਸ ਦੌਰਾਨ ਪੰਜਾਬ ਦੀ ਜਨਸੰਖਿਆ 'ਚ ਆਏ ਇਸ ਵੱਡੇ ਅੰਤਰ ਦੇ ਦੋ ਮੁੱਖ ਕਾਰਨ ਮੰਨੇ ਜਾ ਰਹੇ ਹਨ। ਪਹਿਲਾ ਇਹ ਕਿ ਪੰਜਾਬੀ ਵਿਦੇਸ਼ਾਂ 'ਚ ਆ ਕੇ ਇੱਥੇ ਹੀ ਵਿਆਹ ਕਰਵਾ ਕੇ ਵੱਸ ਰਹੇ ਹਨ, ਅਤੇ ਦੂਜਾ ਇਹ ਕਿ ਪੰਜਾਬ 'ਚ ਹੋਰਨਾਂ ਸੂਬਿਆਂ ਤੋਂ ਵੱਡੀ ਗਿਣਤੀ 'ਚ ਪ੍ਰਵਾਸੀ ਆ ਰਹੇ ਹਨ। ਉਹ ਵੀ ਵਿਆਹ ਕਰਵਾ ਕੇ ਪੰਜਾਬ 'ਚ ਵੱਸ ਰਹੇ ਹਨ ਜਿਸ ਕਾਰਨ ਪੰਜਾਬ ਦੀ ਆਬਾਦੀ 'ਚੋਂ ਵੀ ਵੱਡਾ ਹਿੱਸਾ ਪ੍ਰਵਾਸੀ ਭਾਰਤੀ ਅਤੇ ਉਨ੍ਹਾਂ ਦੇ ਬੱਚਿਆਂ ਦਾ ਹੋ ਸਕਦਾ ਹੈ।ਆਬਾਦੀ ਵਿਕਾਸ ਦਰ ਦੇ ਘਟਣ ਦਾ ਸਭ ਤੋਂ ਵੱਡਾ ਅਸਰ ਸਿੱਖ ਆਬਾਦੀ 'ਤੇ ਦਿੱਖ ਸਕਦਾ ਹੈ। ਸਿੱਖ ਆਬਾਦੀ ਪਹਿਲਾਂ ਹੀ ਘੱਟ ਹੈ ਅਤੇ ਹੁਣ ਰਾਸ਼ਟਰੀ ਪੱਧਰ 'ਤੇ ਵੀ ਉਨ੍ਹਾਂ ਦੀ ਗਿਣਤੀ ਘੱਟ ਰਹੀ ਹੈ। ਸਾਲ 2001 ਦੀ ਜਨਗਣਨਾ 'ਚ ਸਿੱਖਾਂ ਦੀ ਆਬਾਦੀ ਦੇਸ਼ ਦੀ ਕੁੱਲ ਆਬਾਦੀ ਦਾ 1.87 ਫ਼ੀਸਦੀ ਸੀ ਜੋ 2011 'ਚ ਘਟ ਕੇ 1.72 ਫ਼ੀਸਦੀ ਰਹਿ ਗਈ ਸੀ ਜਦਕਿ ਸੂਬੇ ਦੀ ਆਬਾਦੀ ਦੇ ਹਿਸਾਬ ਨਾਲ 2001 'ਚ ਸਿਖ ਆਬਾਦੀ ਸੂਬੇ ਦੀ ਕੁੱਲ ਆਬਾਦੀ ਦਾ ਲਗਭਗ 60 ਫ਼ੀਸਦੀ ਸੀ ਜੋ 2011 'ਚ ਘੱਟ ਕੇ 57.7 ਫ਼ੀਸਦੀ ਰਹਿ ਗਈ। ਇਸ ਦੌਰਾਨ ਉੱਤਰ ਪ੍ਰਦੇਸ਼ ਤੋਂ ਜ਼ਿਆਦਾਤਰ ਮੁਸਲਮਾਨ ਪੰਜਾਬ 'ਚ ਆ ਰਹੇ ਹਨ।













